USDA ਕੁਦਰਤੀ ਸਰੋਤਾਂ ਬਾਰੇ ਸੰਭਾਲ ਸੇਵਾ
ਅਮਰੀਕਾ ਦਾ ਖੇਤੀਬਾੜੀ ਮਹਿਕਮਾ

NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ

ਮਾਲੀ ਸਾਲ 2022-2026

'ਹੋਰਨਾਂ ਦੀ ਨਜ਼ਰ ਤੋਂ ਵੇਖਣਾ'

ਸਿਤੰਬਰ 2022
nrcs.usda.gov

NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ ਮਾਲੀ ਸਾਲ 2022-2026

'ਹੋਰਨਾਂ ਦੀ ਨਜ਼ਰ ਤੋਂ ਵੇਖਣਾ'

USDA ਦੀ ਕੁਦਰਤੀ ਸਰੋਤਾਂ ਬਾਰੇ ਸੰਭਾਲ ਸੇਵਾ (NRCS) ਦੇ ਚੀਫ਼ ਟੈਰੀ ਜੇ. ਕੌਸਬੀ (Terry J. Cosby) ਨੇ ਨਿਰਪੱਖਤਾ ਦੀਆਂ ਕਦਰਾਂ-ਕੀਮਤਾਂ ਅਨੁਸਾਰ ਕੰਮ ਕਰਨ ਵਾਲ਼ਾ ਇੱਕ ਸਭਿਆਚਾਰ ਬਣਾਉਣ ਅਤੇ ਉਸਨੂੰ ਬਣਾਈ ਰੱਖਣ ਲਈ ਏਜੰਸੀ ਦੀ ਵਚਨਬੱਧਤਾ ਦਾ ਸੰਕਲਪ ਲਿਆ ਹੈ। NRCS ਦੀ ਸਥਾਪਨਾ ਤੋਂ ਬਾਅਦ ਵੀ ਮੰਦਭਾਗੀ ਗੱਲ ਇਹ ਰਹੀ ਕਿ ਅਤਿ-ਪੱਛੜੇ ਭਾਈਚਾਰਿਆਂ ਅਤੇ ਲੋਕਾਂ ਨੂੰ ਏਜੰਸੀ ਦੇ ਪ੍ਰੋਗਰਾਮਾਂ ਅਤੇ ਪਾੱਲਿਸੀਆਂ ਵਿੱਚ ਨਿਰਪੱਖਤਾ, ਬਰਾਬਰੀ ਅਤੇ ਨਿਆ ਲਈ ਅਹਿਮ ਅੜਿੱਕਿਆਂ ਦਾ ਸਾਹਮਣਾ ਕਰਨਾ ਪਿਆ। NRCS ਨੇ ਇਹ ਗੱਲ ਮੰਨੀ ਹੈ ਕਿ ਇਹਨਾਂ ਨਾਬਰਾਬਰੀਆਂ ਅਤੇ ਅੜਿੱਕਿਆਂ ਕਰਕੇ ਸਾਡੇ ਨਾਗਰਿਕਾਂ ਵਿੱਚੋਂ ਕਈਆਂ ਨੂੰ ਨਿਆਪੂਰਣ ਸੇਵਾਵਾਂ ਨਹੀਂ ਮਿਲੀਆਂ। ਇਹ ਨਿਰਪੱਖਤਾ ਹਾਸਿਲ ਕਰਨ ਲਈ, NRCS ਸਾਰਿਆਂ ਲਈ ਨਿਆਪੂਰਣ ਮੌਕੇ ਦਾ ਰਾਹ ਤਿਆਰ ਕਰਕੇ ਅਤੇ ਇਸਦੀ ਪਾਲਣਾ ਕਰਦਿਆਂ, ਉਹਨਾਂ ਅੜਿੱਕਿਆਂ ਅਤੇ ਨਾਬਰਾਬਰੀਆਂ ਦੇ ਹੱਦਬੰਨਿਆਂ ਨੂੰ ਖ਼ਤਮ ਕਰਨ ਅਤੇ ਢਾਹੁਣ ਦੀ ਕੋਸ਼ਿਸ਼ ਕਰੇਗੀ।

> **"NRCS ਏਜੰਸੀ ਦੀਆਂ ਪਾੱਲਿਸੀਆਂ ਅਤੇ ਢੰਗ-ਤਰੀਕਿਆਂ ਦੇ ਅੰਦਰ ਸਾਡੇ ਵਲੋਂ ਕੀਤੇ ਜਾਣ ਵਾਲ਼ੇ ਪ੍ਰੋਗਰਾਮਾਂ, ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਅਤੇ ਤਕਨੀਕੀ ਸਹਾਇਤਾ ਦੇ ਤਰੀਕੇ ਵਿੱਚ ਢੁਕਵਾਂਪਣ ਬਣਾਈ ਰੱਖਕੇ ਨਿਰਪੱਖਤਾ ਨੂੰ ਅੱਗੇ ਵਧਾਉਂਦੀ ਹੈ।**
>
> *- NRCS ਚੀਫ਼ ਟੈਰੀ ਜੇ. ਕੌਸਬੀ (Terry J. Cosby)*

ਅਕਤੂਬਰ 2021 ਵਿੱਚ, ਇਸਦੇ ਚੀਫ਼ ਕੌਸਬੀ ਨੇ ਏਜੰਸੀ ਦੀ ਸਭ ਤੋਂ ਪਹਿਲੀ ਨਿਰਪੱਖਤਾ ਡਿਵੀਜ਼ਨ (Equity Division) ਕਾਇਮ ਕੀਤੀ ਸੀ। ਵਿਵੀਅਨ ਡਿਕਸਨ (Vivian Dickson) ਦੀ ਅਗਵਾਈ ਹੇਠ NRCS ਦੀ ਨਿਰਪੱਖਤਾ ਡਿਵੀਜ਼ਨ (NRCS Equity Division) ਹੇਠਾਂ ਦਿੱਤੇ ਮਿਸ਼ਨ, ਨਜ਼ਰੀਏ ਅਤੇ ਬੁਨਿਆਦੀ ਕਦਰਾਂ-ਕੀਮਤਾਂ ਹੇਠ ਕੰਮ ਕਰਦੀ ਹੈ:

ਮਿਸ਼ਨ: ਇਹ ਯਕੀਨੀ ਬਣਾਉਣ ਲਈ ਕਿ USDA-NRCS ਦੇ ਹਰ ਇੱਕ ਗਾਹਕ ਨੂੰ ਸਰਕਾਰ ਦੇ ਵੰਨ-ਸੁਵੰਨੇ ਸੰਸਾਰ ਵਿੱਚ ਸਾਰੀਆਂ ਸਹੂਲਤਾਂ ਮਿਲਣ ਦੀ ਸਥਿਤੀ ਵਿੱਚ ਰਖਿਆ ਗਿਆ ਹੈ ਅਤੇ ਏਜੰਸੀ ਦੇ ਪ੍ਰੋਗਰਾਮਾਂ ਅਤੇ ਖ਼ਾਸ ਤੌਰ 'ਤੇ ਏਜੰਸੀ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਘੁਲਿਆ ਮਿਲਿਆ ਮਹਿਸੂਸ ਕਰਨ ਲਈ NRCS ਦੇ ਕੰਮ ਅਤੇ ਢੰਗ-ਤਰੀਕਿਆਂ ਵਿੱਚ ਸੰਸਥਾਗਤ ਨਿਰਪੱਖਤਾ ਦੀ ਹਿਮਾਇਤ ਅਤੇ ਬਿਹਤਰ ਢੰਗ ਨਾਲ ਤਾਲਮੇਲ ਕੀਤਾ ਜਾਂਦਾ ਹੈ।

ਨਜ਼ਰੀਆ: ਸਾਡੇ ਪ੍ਰੋਗਰਾਮਾਂ ਰਾਹੀਂ ਹਰ ਗਾਹਕ ਲਈ ਵੰਨ-ਸੁਵੰਨਤਾ ਅਤੇ ਸ਼ਮੂਲੀਅਤ।

ਬੁਨਿਆਦੀ ਕਦਰਾਂ-ਕੀਮਤਾਂ: ਏਜੰਸੀ ਪ੍ਰੋਗਰਾਮ ਆਉਟਰੀਚ (ਲੋਕਾਂ ਦੀ ਰਹਿਣ ਵਾਲ਼ੀ ਥਾਂ 'ਤੇ ਸੇਵਾਵਾਂ ਅਤੇ ਜਾਣਕਾਰੀ ਪਹੁੰਚਾਉਣੀ) ਨੂੰ ਬਿਹਤਰ ਬਣਾਕੇ ਆਮ ਚੰਗੇ ਅਤੇ ਟੀਚਿਆਂ ਲਈ ਕੰਮ ਕਰਨ ਵੇਲ਼ੇ ਇਹ ਮੰਨਿਆ ਜਾਂਦਾ ਹੈ ਕਿ NRCS ਦੇ ਗਾਹਕਾਂ ਦੇ ਮੌਕਿਆਂ ਅਤੇ ਏਜੰਸੀ ਦੇ ਪ੍ਰੋਗਰਾਮਾਂ ਦੇ ਫ਼ਾਇਦਿਆਂ ਨੂੰ ਮਜ਼ਬੂਤ ਕੀਤਾ ਜਾਂਦਾ ਹੈ, ਇਸਦੇ ਨਾਲ ਹੀ NRCS ਸੰਭਾਲ ਦੇ ਮੌਕਿਆਂ ਅਤੇ ਫ਼ਾਇਦਿਆਂ ਰਾਹੀਂ ਗਾਹਕਾਂ ਦੀ ਨਿਰਪੱਖਤਾ ਅਤੇ ਜਿੰਦਗੀ ਵਿੱਚ ਬਰਾਬਰੀ ਨੂੰ ਬਿਹਤਰ ਬਣਾਏਗੀ।

NRCS ਏਜੰਸੀ ਦੇ ਮੁਲਾਜ਼ਮਾਂ ਅਤੇ ਜਿਹਨਾਂ ਨੂੰ ਅਸੀਂ ਸੇਵਾ ਦਿੰਦੇ ਹਾਂ, ਲਈ ਨਿਰਪੱਖਤਾ, ਨਿਆ ਅਤੇ ਮੌਕੇ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਅੜਿੱਕਿਆਂ ਅਤੇ ਨਾਬਰਾਬਰੀਆਂ ਨੂੰ ਘਟਾਉਣ ਅਤੇ ਖ਼ਤਮ ਕਰਨ ਲਈ, NRCS ਦੀਆਂ ਜ਼ੋਰਦਾਰ ਕਾਰਵਾਈਆਂ ਅਤਿ-ਪੱਛੜੇ ਭਾਈਚਾਰਿਆਂ ਲਈ ਮੌਕਿਆਂ ਅਤੇ ਸਰੋਤਾਂ ਤੱਕ ਇੱਕੋ ਜਿਹੀ ਪਹੁੰਚ ਮੁਹੱਈਆ ਕਰਾਏਗੀ, ਅੰਦਰੂਨੀ ਅਤੇ ਬਾਹਰੀ ਤੌਰ 'ਤੇ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਨੂੰ ਹੋਰ ਨੇੜੇ ਲਿਆਏਗੀ ਅਤੇ ਇੱਕੋ ਜਿਹੇ ਮੌਕੇ ਦੇਣ ਲਈ ਨਿਰਪੱਖਤਾ-ਪੱਖੀ, ਚੰਗਾ ਸਿਖਲਾਈਪ੍ਰਾਪਤ ਅਤੇ ਪ੍ਰਤੀਬੱਧ ਵੰਨਸੁਵੰਨਾ ਕਿਰਤ-ਬਲ ਯਕੀਨੀ ਬਣਾਉਂਦੀ ਹੈ।

NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ ਮਾਲੀ ਸਾਲ 2022-2026 ਲਈ USDA ਦੇ ਯੋਜਨਾਬੱਧ ਪਲਾਨ ਅਤੇ USDA ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ, ਉਹਨਾਂ ਖ਼ਾਸ ਪਹਿਲਕਦਮੀਆਂ ਅਤੇ ਕਾਰਵਾਈਆਂ ਵਾਲ਼ੀਆਂ ਉਦਮ ਸਬੰਧੀ ਰਣਨੀਤੀਆਂ ਨਾਲ ਤਾਲਮੇਲ ਕਰਦੀ ਹੈ। *NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ* ਦੇ ਪ੍ਰਬੰਧ ਏਜੰਸੀ ਦੇ ਨਿਰਪੱਖਤਾ ਨਾਲ ਜੁੜੇ ਕਾਰਜ ਥੋੜ੍ਹੇ ਅਤੇ ਲੰਮੀ-ਮਿਆਦ ਦੇ ਟੀਚਿਆਂ ਅਤੇ ਉਦੇਸ਼ਾਂ ਨੂੰ ਸਿਰੇ ਚਾੜ੍ਹਣ ਲਈ ਯੋਜਨਾ ਪੂਰੀ ਕਰਨ ਅਤੇ ਢਾਂਚੇ ਵਾਸਤੇ ਚੰਗੀ ਤਰ੍ਹਾਂ ਪਰਿਭਾਸ਼ਤ ਖਾਕੇ ਨੂੰ ਨਿਰਧਾਰਤ ਕਰਦੀ ਹੈ।

ਯੋਜਨਾਬੱਧ ਟੀਚਾ 1: ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ

ਯੋਜਨਾਬੱਧ ਟੀਚਾ 2: ਨਿਰਪੱਖਤਾ ਸਬੰਧੀ ਟੂਲਕਿਟਸ

ਯੋਜਨਾਬੱਧ ਟੀਚਾ 3: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ

ਯੋਜਨਾਬੱਧ ਟੀਚਾ 4: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਭਾਈਵਾਲੀ

ਯੋਜਨਾਬੱਧ ਟੀਚਾ 5: ਨਿਰਪੱਖਤਾ ਨੂੰ ਸ਼ੁਰੂ ਕਰਨਾ

ਵਿਸ਼ਾ-ਵਸਤੂ

ਪ੍ਰਬੰਧਕੀ ਸਾਰ: 'ਹੋਰਨਾਂ ਦੀ ਨਜ਼ਰ ਤੋਂ ਵੇਖਣਾ' 2

ਭੂਮਿਕਾ: ਨਿਰਪੱਖਤਾ ਲਈ ਮੁੱਖਬੰਧ 4

ਯੋਜਨਾਬੱਧ ਟੀਚਾ 1: ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ 6

ਯੋਜਨਾਬੱਧ ਟੀਚਾ 2: ਨਿਰਪੱਖਤਾ ਸਬੰਧੀ ਟੂਲਕਿਟ 8

ਯੋਜਨਾਬੱਧ ਟੀਚਾ 3: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ 10

ਯੋਜਨਾਬੱਧ ਟੀਚਾ 4: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਭਾਈਵਾਲੀ 11

ਯੋਜਨਾਬੱਧ ਟੀਚਾ 5: ਨਿਰਪੱਖਤਾ ਨੂੰ ਸ਼ੁਰੂ ਕਰਨਾ 13

ਮਾਲੀ ਸਾਲ 2022 ਦੀਆਂ ਪ੍ਰਾਪਤੀਆਂ ਦਾ ਸਾਰ - ਨਿਰਪੱਖਤਾ ਨੂੰ ਅੱਗੇ ਵਧਾਉਣਾ 14

ਅੰਤਿਕਾ A: ਨਿਰਪੱਖਤਾ ਸਬੰਧੀ ਮੁੱਖ ਸ਼ਬਦਾਂ ਦੀ ਪਰਿਭਾਸ਼ਕ ਸ਼ਬਦਾਵਲੀ 19

ਅੰਤਿਕਾ B: ਸਰੋਤ 21

USDA ਦੀ ਨਿਰਪੱਖ ਰਹਿਣ ਬਾਰੇ ਸਟੇਟਮੈਂਟ 22

> **"ਸਾਹਮਣਾ ਕੀਤੀ ਜਾਣ ਵਾਲ਼ੀ ਹਰ ਚੀਜ਼ ਨੂੰ ਨਹੀਂ ਬਦਲਿਆ ਜਾ ਸਕਦਾ,**
> **ਪਰ ਉਸਦਾ ਸਾਹਮਣਾ ਕੀਤੇ ਜਾਣ ਤੱਕ ਉਸ ਨੂੰ ਬਦਲਿਆ ਨਹੀਂ ਜਾ ਸਕਦਾ।"**
>
> *- ਜੇਮਸ ਬਾਲਡਵਿਨ*

ਨਿਰਪੱਖਤਾ ਬਾਰੇ ਮੁਖਬੰਧ

ਦਫ਼ਤਰ ਵਿੱਚ ਆਪਣੇ ਪਹਿਲੇ ਹੀ ਦਿਨ, 20 ਜਨਵਰੀ, 2021 ਨੂੰ ਰਾਸ਼ਟਰਪਤੀ ਬਾਈਡਨ ਨੇ ਪ੍ਰਬੰਧਕੀ ਆਦੇਸ਼ 13985, *ਫ਼ੈਡਰਲ ਸਰਕਾਰ ਰਾਹੀਂ ਅਤਿ-ਪੱਛੜੇ ਭਾਈਚਾਰਿਆਂ ਲਈ ਨਸਲੀ ਨਿਰਪੱਖਤਾ ਅਤੇ ਸਹਾਇਤਾ ਨੂੰ ਅੱਗੇ ਵਧਾਉਣਾ* 'ਤੇ ਦਸਤਖ਼ਤ ਕੀਤੇ ਸੀ। ਪ੍ਰਬੰਧਕੀ ਆਦੇਸ਼ 13985 ਨੇ ਮਾਣਤਾ ਦਿੱਤੀ ਹੈ ਕਿ ਹਾਲਾਂਕਿ ਬਰਾਬਰੀ ਦੇ ਮੌਕੇ ਦਾ ਆਦਰਸ਼ ਅਮਰੀਕੀ ਲੋਕਰਾਜ ਦੀ ਬੁਨਿਆਦ ਹੈ, ਸਾਡੇ ਕਾਨੂੰਨਾਂ, ਪਬਲਿਕ ਪਾੱਲਿਸੀਆਂ ਅਤੇ ਸੰਸਥਾਵਾਂ ਵਿੱਚ ਫ਼ੈਲੀਆਂ ਨਾਬਰਾਬਰੀਆਂ ਵੀ ਅਕਸਰ ਲੋਕਾਂ ਅਤੇ ਭਾਈਚਾਰਿਆਂ ਨੂੰ ਬਰਾਬਰੀ ਦਾ ਮੌਕਾ ਦੇਣ ਤੋਂ ਵਾਂਝਿਆਂ ਰੱਖਦੀਆਂ ਹਨ। ਪ੍ਰਬੰਧਕੀ ਆਦੇਸ਼ ਨੇ ਆਮ ਨਸਲਪ੍ਰਸਤੀ, ਸਥਾਈ ਗ਼ਰੀਬੀ ਅਤੇ ਹੋਰ ਗ਼ੈਰ-ਬਰਾਬਰੀਆਂ ਕਰਕੇ ਲੋਕਾਂ ਨੂੰ ਪਹੁੰਚੇ ਬਹੁਤ ਜ਼ਿਆਦਾ ਨੁਕਸਾਨ 'ਤੇ ਜ਼ੋਰ ਦਿੱਤਾ ਹੈ ਅਤੇ ਫ਼ੈਡਰਲ ਸਰਕਾਰ ਨੂੰ ਪੂਰੀ ਤਰ੍ਹਾਂ ਤਾਂਘਵਾਨ ਸਰਕਾਰੀ ਨਿਰਪੱਖਤਾ ਬਾਰੇ ਏਜੰਡੇ, ਜੋ ਇੱਕ ਦੇਸ਼ ਦੇ ਤੌਰ 'ਤੇ ਸਾਡੇ ਸਾਹਮਣੇ ਆਉਣ ਵਾਲ਼ੀਆਂ ਵੰਗਾਰਾਂ ਦੇ ਪੱਧਰ ਨਾਲ ਮੇਲ ਖਾਂਦਾ ਹੈ ਅਤੇ ਮੌਕਿਆਂ, ਜਿਹਨਾਂ ਨਾਲ ਅਸੀਂ ਇੱਕ ਹੋਰ ਬਿਹਤਰੀਨ ਯੂਨੀਅਨ ਨੂੰ ਸਿਰਜਣਾ ਹੈ, ਨੂੰ ਅੱਗੇ ਵਧਾਉਣ ਦਾ ਆਦੇਸ਼ ਦਿੱਤਾ ਹੈ।

ਰਾਸ਼ਟਰਪਤੀ ਬਾਈਡਨ ਦੇ ਪ੍ਰਸ਼ਾਸਨ ਦੀ ਪਾੱਲਿਸੀ ਹੈ ਕਿ ਫ਼ੈਡਰਲ ਸਰਕਾਰ ਨੂੰ ਸਾਰਿਆਂ ਲਈ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਇੱਕ ਵਿਆਪਕ ਨਜ਼ਰੀਆ ਅਪਣਾਉਣਾ ਚਾਹੀਦਾ ਹੈ ਕਿ ਇਸ ਵਿੱਚ ਕਾਲੇ ਅਤੇ ਹੋਰ ਲੋਕ ਸ਼ਾਮਿਲ ਹਨ, ਜੋ ਕਿ ਇਤਿਹਾਸਕ ਤੌਰ 'ਤੇ ਅਤਿ-ਪੱਛੜੇ, ਗੰਣ ਅਤੇ ਸਥਾਈ ਗ਼ਰੀਬੀ ਅਤੇ ਨਾਬਰਾਬਰੀ ਤੋਂ ਪ੍ਰਭਾਵਿਤ ਹਨ। ਸਾਡੀ ਪੂਰੀ ਸਰਕਾਰ ਦੀ ਜ਼ਿੰਮੇਵਾਰੀ ਉਸਾਰੂ ਤੌਰ 'ਤੇ ਨਿਰਪੱਖਤਾ, ਸਿਵਿਲ ਹੱਕਾਂ, ਨਸਲੀ-ਨਿਆ ਅਤੇ ਬਰਾਬਰ ਦਾ ਮੌਕਾ ਦੇਣ ਨੂੰ ਅੱਗੇ ਵਧਾਉਣਾ ਹੈ। ਕਿਉਂਕਿ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਫ਼ੈਸਲਾ ਲੈਣ ਦੇ ਅਮਲ, ਪ੍ਰਬੰਧਕੀ ਵਿਭਾਗਾਂ ਵਿੱਚ ਨਿਰਪੱਖਤਾ ਸ਼ਾਮਿਲ ਕਰਨ ਲਈ ਇੱਕ ਤਰਤੀਬਬੱਧ ਨਜ਼ਰੀਏ ਦੀ ਲੋੜ ਪੈਂਦੀ ਹੈ ਅਤੇ ਏਜੰਸੀਆਂ ਨੂੰ ਇਸਦੀ ਪਛਾਣ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਬਰਾਬਰ ਦਾ ਮੌਕਾ ਦਿੱਤੇ ਜਾਣ ਲਈ ਅੜਿੱਕਿਆਂ ਨੂੰ ਦੂਰ ਕਰਨ ਦੀ ਸੇਵਾ ਦੇਣ ਵਾਲ਼ੀਆਂ ਆਪਣੀਆਂ ਪਾੱਲਿਸੀਆਂ ਅਤੇ ਪ੍ਰੋਗਰਾਮਾਂ ਵਿਚਲੀ ਨਾਬਰਾਬਰੀ ਦਾ ਹੱਲ ਕੱਢਣ ਲਈ ਕੰਮ ਕਰਨਾ ਚਾਹੀਦਾ ਹੈ।

ਪ੍ਰਬੰਧਕੀ ਆਦੇਸ਼ 13985 ਲਈ ਹੁੰਗਾਰਾ ਭਰਦਿਆਂ, USDA ਨੇ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਫ਼ੌਰਨ ਕਾਰਵਾਈ ਕੀਤੀ। USDA ਸਟਾਫ਼ ਦੇ ਦਫ਼ਤਰਾਂ ਅਤੇ ਮਿਸ਼ਨ ਦੇ ਖੇਤਰਾਂ ਨੂੰ ਖੇਤੀਬਾੜੀ, ਪਰਿਵਾਰ ਅਤੇ ਭੋਜਨ ਸਬੰਧੀ ਪ੍ਰੋਗਰਾਮਾਂ ਵਿੱਚ ਨਿਰਪੱਖਤਾ ਨੂੰ ਵਿਆਪਕ ਤੌਰ 'ਤੇ ਸ਼ਾਮਿਲ ਕਰਨ ਲਈ ਆਪਣੀਆਂ ਸਬੰਧਿਤ ਮੁਖ ਕਾਰਵਾਈਆਂ ਵਿੱਚ ਤਾਲਮੇਲ ਕਰਨ ਅਤੇ ਇਸਨੂੰ ਵਧਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਇਸਦੇ ਨਤੀਜੇ ਵਜੋਂ, USDA ਦੀ ਨਿਰਪੱਖਤਾ ਸਬੰਧੀ ਕਾਰਜ ਯੋਜਨਾ ਤਿਆਰ ਕੀਤੀ ਗਈ ਸੀ, ਜਿਸ ਵਿੱਚ ਨਿਰਪੱਖਤਾ ਦੀਆਂ ਉਘੜਵੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ ਗਿਆ ਹੈ ਜਿਹਨਾਂ ਨੂੰ USDA ਨੇ ਲਾਗੂ ਕਰਨ ਲਈ ਚੁਣਿਆ ਹੈ ਅਤੇ ਅਤਿ-ਪੱਛੜੇ ਕਿਸਾਨਾਂ ਅਤੇ ਪਸ਼ੂ-ਪਾਲਕਾਂ, ਪਰਿਵਾਰਾਂ ਅਤੇ ਬੱਚਿਆਂ ਅਤੇ ਭਾਈਚਾਰਿਆਂ 'ਤੇ ਪੈਣ ਵਾਲ਼ੇ ਉਹਨਾਂ ਦੇ ਸੰਭਵ ਵੱਡੇ ਅਸਰਾਂ ਕਰਕੇ ਉਹਨਾਂ ਨੂੰ ਉਜਾਗਰ ਕਰਨਾ ਹੈ। USDA ਦੀ ਨਿਰਪੱਖਤਾ ਸਬੰਧੀ ਕਾਰਜ ਯੋਜਨਾ ਦਾ ਉਦੇਸ਼ USDA ਦੇ ਪ੍ਰੋਗਰਾਮਾਂ ਨੂੰ ਖ਼ਾਸ ਤੌਰ 'ਤੇ ਵਾਂਝੇ ਰਹਿ ਗਏ ਲੋਕਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖੇ ਬਿਨਾ ਸਾਰਿਆਂ ਲਈ ਲਾਹੇਵੰਦ ਬਣਾਉਣਾ ਹੈ। ਇਹ ਪਲਾਨ USDA ਨੂੰ ਚਾਰ-ਪੱਖੀ ਨਜ਼ਰੀਏ ਨਾਲ ਨਿਰਪੱਖਤਾ ਅਤੇ ਨਿਆ ਨੂੰ ਅੱਗੇ ਵਧਾਉਣ ਲਈ ਇੱਕ ਜ਼ੋਰਦਾਰ ਕਾਰਵਾਈ ਕਰਨ ਲਈ ਪ੍ਰਤੀਬੱਧ ਕਰਦਾ ਹੈ:

- ਹਿੱਤਧਾਰਕ ਤੋਂ ਮਿਲੀ ਜਾਣਕਾਰੀ ਅਤੇ ਅੰਦਰੂਨੀ ਨਿਰਪੱਖਤਾ ਦੇ ਮੁਲਾਂਕਣ ਦੇ ਅਧਾਰ 'ਤੇ USDA ਦੇ ਦਫ਼ਤਰਾਂ ਅਤੇ ਮਿਸ਼ਨ ਦੇ ਖੇਤਰਾਂ ਨੂੰ ਵੰਗਾਰਦਿਆਂ, ਉਹਨਾਂ ਕਾਰਜਾਂ ਦੀ ਪਛਾਣ ਕਰਦੀ ਹੈ, ਜੋ ਭਰੋਸਾ ਸਿਰਜਣਗੇ ਅਤੇ ਉਸਨੂੰ ਬਣਾਈ ਰੱਖਣਗੇ, ਪਹੁੰਚ ਕਰਨ ਲਈ ਆਉਣ ਵਾਲ਼ੇ ਅੜਿੱਕਿਆਂ ਨੂੰ ਘੱਟ ਕਰਨਗੇ ਅਤੇ ਅਤਿ-ਪੱਛੜੇ ਭਾਈਚਾਰਿਆਂ ਵਾਸਤੇ ਪੂੰਜੀ ਵਧਾਉਣਗੇ।
- ਇਹ ਸਮਝਣ ਲਈ ਆਪਣੇ ਅੰਦਰ ਝਾਤੀ ਮਾਰਣੀ ਕਿ ਜੱਥੇਬੰਦੀ ਉਸਾਰਣ ਲਈ ਅਜਿਹਾ ਕੀ ਕਰਨਾ ਪਏਗਾ, ਜਿਸਦੇ ਕੇਂਦਰ ਵਿੱਚ ਵੰਨ-ਸੁਵੰਨਤਾ, ਨਿਰਪੱਖਤਾ, ਸ਼ਮੂਲੀਅਤ ਅਤੇ ਖੁੱਲ੍ਹਾਪਨ (DEIA) ਹੋਵੇ, ਇਸਦੀ ਸ਼ੁਰੂਆਤ USDA ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ ਸਿਰਜਣ ਅਤੇ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਬਾਰੇ ਚੀਫ਼ ਅਫ਼ਸਰ ਨੂੰ ਨੌਕਰੀ 'ਤੇ ਰੱਖਣ ਨਾਲ ਹੋਈ ਹੈ।
- ਬਾਹਰੀ ਹਿੱਤਧਾਰਕਾਂ ਨੂੰ ਸ਼ਾਮਿਲ ਕਰਕੇ ਨਿਰਪੱਖਤਾ ਕਮਿਸ਼ਨ (Equity Commission) ਬਣਾਉਣਾ
- ਅਮਰੀਕੀ ਬਚਾਉ ਪਲਾਨ ਬਾਰੇ ਕਾਨੂੰਨ (ARPA) ਦੇ ਸੈਕਸ਼ਨ 1005 ਵਿੱਚ ਕਰਜ਼ੇ ਤੋਂ ਰਾਹਤ ਦੇਣ ਸਬੰਧੀ ਪ੍ਰਬੰਧ ਲਾਗੂ ਕਰਨਾ

ਇਸ ਤੋਂ ਅਲਾਵਾ, ਅੱਗੇ ਬਹੁਤ ਜ਼ਿਆਦਾ ਅਸਰ ਪਾਉਣ ਵਾਲ਼ੀਆਂ ਕਾਰਵਾਈਆਂ ਦਾ ਸਾਰ ਦਿੱਤਾ ਗਿਆ ਹੈ, ਨਿਰਪੱਖਤਾ ਨੂੰ ਅੱਗੇ ਵਧਾਉਣ ਲਈ USDA ਇਹਨਾਂ ਨੂੰ ਧਿਆਨ ਵਿੱਚ ਰੱਖ ਰਿਹਾ ਹੈ:

- ਤਕਨੀਕੀ ਸਹਾਇਤਾ ਦੇਣ ਵਾਲ਼ੇ ਭਰੋਸੇਮੰਦ ਪ੍ਰੋਵਾਈਡਰਾਂ ਨਾਲ ਭਾਈਵਾਲੀ
- ਪ੍ਰੋਗਰਾਮਾਂ ਲਈ ਅੜਿੱਕਿਆਂ ਨੂੰ ਘਟਾਉਣਾ ਅਤੇ ਅਤਿ-ਪੱਛੜੇ ਕਿਸਾਨਾਂ, ਪਸ਼ੂ-ਪਾਲਕਾਂ ਅਤੇ ਜ਼ਮੀਨ ਦੇ ਮਾਲਕਾਂ ਨੂੰ ਦਿੱਤੀ ਜਾਣ ਵਾਲ਼ੀ ਸਹਾਇਤਾ ਵਿੱਚ ਸੁਧਾਰ ਕਰਨਾ
- USDA ਪੌਸ਼ਟਿਕਤਾ ਸਹਾਇਤਾ ਪ੍ਰੋਗਰਾਮਾਂ ਤੱਕ ਇੱਕ ਜਿਹੇ ਪਹੁੰਚ ਦਾ ਪਸਾਰ ਕਰਨਾ
- USDA ਦੇ ਬੁਨਿਆਦੀ ਢਾਂਚੇ ਦੀਆਂ ਉਹਨਾਂ ਪੂੰਜੀਕਾਰੀਆਂ ਵਿੱਚ ਵਾਧਾ ਕਰਨਾ, ਜਿਹਨਾਂ ਨਾਲ ਅਤਿ-ਪੱਛੜੇ ਭਾਈਚਾਰਿਆਂ ਨੂੰ ਫ਼ਾਇਦਾ ਪਹੁੰਚੇ
- ਫ਼ੈਡਰਲ ਖ਼ਰੀਦ ਵਿੱਚ ਨਿਰਪੱਖਤਾ ਵਧਾਉਣੀ
- ਇੰਡੀਅਨ ਟ੍ਰਾਈਬਸ ਲਈ ਫ਼ੈਡਰਲ ਦਾ ਭਰੋਸਾ ਅਤੇ ਸੰਧੀ ਦੀਆਂ ਜ਼ਿੰਮੇਵਾਰੀਆਂ ਬਹਾਲ ਰੱਖਣੀਆਂ
- ਸਿਵਿਲ ਹੱਕਾਂ ਲਈ ਪੱਕੀ ਵਚਨਬੱਧਤਾ

ਪ੍ਰਬੰਧਕੀ ਆਦੇਸ਼ 13985 ਅਤੇ USDA ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ ਦੀ ਹਿਦਾਇਤ ਦੇ ਤਾਲਮੇਲ ਨਾਲ, NRCS ਵਿਚਲੇ ਸਭਿਆਚਾਰ ਵਿੱਚ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਢਾਂਚੇ ਅਤੇ ਸੰਸਥਾਗਤ ਸੁਧਾਰ ਲਈ ਪੱਕੀ ਵਚਨਬੱਧਤਾ ਨਾਲ ਕੰਮ ਕਰਨ ਵਾਸਤੇ *NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ* ਤਿਆਰ ਕੀਤੀ ਗਈ ਸੀ। ਉਹ ਢਾਂਚਾ ਲੰਮੇ-ਸਮੇਂ ਤੱਕ ਚੱਲਣ ਵਾਲੀ ਬਿਹਤਰ ਕੀਤੀ ਗਈ ਤਬਦੀਲੀ ਲਈ ਬਣਾਏ ਗਏ ਇੱਕ ਨਜ਼ਰੀਏ ਨੂੰ ਘੜਦਾ ਹੈ:

ਜਾਗਰੂਕਤਾ: ਸਮੁੱਚੀ NRCS ਵਿੱਚ ਨਿਰਪੱਖਤਾ ਸਬੰਧੀ ਜਾਗਰੂਕਤਾ ਅਤੇ ਵਿਸ਼ਲੇਸ਼ਣ ਕਰਨ ਵਾਲੀ ਸਮਰੱਥਾ ਉਸਾਰਣੀ, ਮੁਖ ਵਿਚਾਰਾਂ ਦੀ ਆਮ ਸਮਝ ਨੂੰ ਉਤਸਾਹਿਤ ਕਰਨਾ, ਜਿਵੇਂ: ਨਿਰਪੱਖਤਾ ਅਤੇ ਪੱਖਪਾਤ; ਗੁੱਝੀ ਅਤੇ ਸਪਸ਼ਟ ਤਰਫ਼ਦਾਰੀ; ਨਿਜੀ, ਸੰਸਥਾਗਤ ਅਤੇ ਆਮ ਨਸਲਪ੍ਰਸਤੀ।

ਸਮਰੱਥਾ ਉਸਾਰੀ: ਗੁੱਝੀ ਨਿਰਪੱਖਤਾ ਸਬੰਧੀ ਪੜ੍ਹਾਈ ਨੂੰ ਉਤਸਾਹਿਤ ਕਰਨ ਲਈ ਅਸਰਦਾਰ ਕੰਮ ਕਰਨ ਵਾਲੇ ਸਾਧਨਾਂ, ਰਣਨੀਤੀਆਂ ਅਤੇ ਸਰੋਤਾਂ ਨਾਲ ਅਗਵਾਈ, ਸਟਾਫ਼ ਅਤੇ ਹਿੱਤਧਾਰਕਾਂ ਦੀ ਭਰਤੀ ਕਰਨੀ ਅਤੇ ਅਜਿਹਾ ਵਿਕਾਸ ਕਰਨਾ, ਜੋ ਨਿਰਪੱਖਤਾ, ਨਿਆ ਅਤੇ ਮੌਕੇ ਲਈ ਕਾਮਯਾਬ ਨਤੀਜੇ ਉਪਲਬਧ ਕਰਾਏਗਾ।

ਕਾਰਵਾਈ: ਨਿਰਪੱਖਤਾ ਸਬੰਧੀ ਅੜਿੱਕਿਆਂ ਅਤੇ ਤਰਫ਼ਦਾਰੀਆਂ ਦਾ ਮੁਕਾਬਲਾ ਕਰਨ ਲਈ ਤਰਤੀਬਬੱਧ ਤਰੀਕੇ ਨਾਲ ਸੁਨੇਹੇ ਭੇਜਣ ਦਾ ਕੰਮ ਕਰਨਾ। NRCS ਪ੍ਰੋਗਰਾਮ ਦੇ ਅਮਲਾਂ, ਪਹੁੰਚ ਅਤੇ ਹਿੱਸੇਦਾਰੀ ਦੇ ਦਾਇਰੇ ਨੂੰ ਬਦਲਣ ਵਾਲੇ ਨਿਆਪੂਰਣ ਸਥਿਰਤਾ ਸਬੰਧੀ ਢੰਗ-ਤਰੀਕਿਆਂ ਨੂੰ ਲਾਗੂ ਕਰਨਾ। ਢੁਕਵੀਂ ਨਿਰਪੱਖਤਾ ਦੇ ਇਰਾਦੇ ਨਾਲ NRCS ਦੀ ਪਾੱਲਿਸੀ, ਅਮਲਾਂ ਅਤੇ ਢੰਗ-ਤਰੀਕਿਆਂ ਲਈ ਅੱਗੇ ਵਧਾਉਣ, ਸੋਚ-ਸਮਝਕੇ ਅਤੇ ਇਰਾਦਤਨ ਤਬਦੀਲੀਆਂ ਦਾ ਪ੍ਰਬੰਧ ਕਰਨਾ।

ਇਸ ਢਾਂਚੇ ਵਿੱਚ *NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ* ਦੇ ਪੰਜ ਯੋਜਨਾਬੱਧ ਟੀਚਿਆਂ ਬਾਰੇ ਦੱਸਿਆ ਗਿਆ ਹੈ।

NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ	
1	ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ
2	ਨਿਰਪੱਖਤਾ ਸਬੰਧੀ ਟੂਲਕਿਟਸ
3	ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ
4	ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਭਾਈਵਾਲੀ
5	ਨਿਰਪੱਖਤਾ ਨੂੰ ਸ਼ੁਰੂ ਕਰਨਾ

ਯੋਜਨਾਬੱਧ ਟੀਚਾ 1: ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ – ਨਿਰਪੱਖਤਾ ਸਬੰਧੀ ਟੀਚਿਆਂ ਅਤੇ ਨਿਰਪੱਖਤਾ ਸਿਰਜਣ ਬਾਰੇ ਮੁਲਾਜ਼ਮ ਦੀ ਸਮਝ-ਬੂਝ ਉਸਾਰਣ ਲਈ ਸਿਖਲਾਈ ਅਤੇ ਬੁਨਿਆਦੀ ਢਾਂਚੇ ਵਾਸਤੇ ਅਤੇ ਸਮੁੱਚੀ ਏਜੰਸੀ ਵਿੱਚ ਨਿਰਪੱਖਤਾ ਅਤੇ ਸ਼ਮੂਲੀਅਤ ਸਬੰਧੀ ਮਾਹਿਰਾਂ ਲਈ ਰਾਸ਼ਟਰੀ ਹੈਡਕੁਆਟਰ ਪੱਧਰ ਤੋਂ ਲੈਕੇ ਸਥਾਨਕ ਪੱਧਰ ਤੱਕ NRCS ਵਿੱਚ ਜੱਥੇਬੰਦਕ ਪੱਧਰ 'ਤੇ ਜਾਣਕਾਰੀ ਅਤੇ ਅਨੁਭਵ ਵਿੱਚ ਤਬਦੀਲੀਆਂ ਕਰਨ ਸਬੰਧੀ ਕਾਨੂੰਨ ਬਣਾਉਣਾ।

ਯੋਜਨਾਬੱਧ ਟੀਚਾ 2: ਨਿਰਪੱਖਤਾ ਸਬੰਧੀ ਟੂਲਕਿਟਸ – ਨਾਬਰਾਬਰੀਆਂ ਖ਼ਤਮ ਕਰਨ, ਅਜਿਹੇ ਫ਼ੈਸਲੇ ਕਰਨ ਤੋਂ ਰੋਕਣਾ, ਜੋ ਨਾਬਰਾਬਰੀਆਂ ਸਿਰਜ ਸਕਦੇ ਹਨ ਜਾਂ ਜਾਰੀ ਰੱਖ ਸਕਦੇ ਹਨ, ਲਈ ਅਤੇ ਨਿਰਪੱਖਤਾ ਵਧਾਉਣ ਨੂੰ ਉਤਸਾਹ ਦੇਣ ਵਾਲੇ ਫ਼ੈਸਲੇ ਤਿਆਰ ਕਰਨ ਵਾਸਤੇ ਲੋੜ ਅਨੁਸਾਰ ਪਾੱਲਿਸੀਆਂ, ਪ੍ਰੋਗਰਾਮਾਂ ਅਤੇ ਢੰਗ-ਤਰੀਕਿਆਂ ਨੂੰ ਬਦਲਣ ਲਈ ਫ਼ੈਸਲੇ ਲੈਣ ਦੇ ਅਮਲਾਂ ਵਿੱਚ ਨਿਰਪੱਖਤਾ ਨੂੰ ਇਕਜੁੱਟ ਕਰਨ ਲਈ ਨਿਰਪੱਖਤਾ ਸਬੰਧੀ ਟੂਲਕਿਟਸ ਦੀ ਵਰਤੋਂ ਕਰਨੀ।

ਯੋਜਨਾਬੱਧ ਟੀਚਾ 3: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ – ਅਧਾਰ ਤਿਆਰ ਕਰਨ, ਉਦੇਸ਼ ਤੈਅ ਕਰਨ ਅਤੇ NRCS ਅਤੇ ਭਾਈਚਾਰਕ ਟੀਚਿਆਂ ਲਈ ਹੁੰਦੀ ਤਰੱਕੀ ਨੂੰ ਮਾਪਦਿਆਂ ਖ਼ਾਸ ਪ੍ਰੋਗਰਾਮ ਸਬੰਧੀ ਅਤੇ ਪਾੱਲਿਸੀ ਦੀਆਂ ਤਬਦੀਲੀਆਂ ਦੀ ਕਾਮਯਾਬੀ ਦਾ ਮੁਲਾਂਕਣ ਕਰਨ ਲਈ ਯੋਜਨਾਬੱਧ ਡਾਟਾ ਦੀ ਵਿਉਂਤਬੰਦੀ ਅਤੇ ਡਾਟਾ ਨਾਲ ਤਿਆਰ ਕੀਤੀ ਜਾਂਦੀ ਮਾਤਰਾ ਲਾਗੂ ਕਰਨਾ।

ਯੋਜਨਾਬੱਧ ਟੀਚਾ 4: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਭਾਈਵਾਲੀ – ਤਬਦੀਲੀ ਲਿਆਉਣ ਲਈ NRCS ਦੀਆਂ ਕੋਸ਼ਿਸ਼ਾਂ ਨੂੰ ਭਾਈਚਾਰਿਆਂ ਦੇ ਸਿੱਧੇ ਅਨੁਭਵਾਂ ਰਾਹੀਂ ਦੱਸਿਆ ਜਾਂਦਾ ਹੈ ਅਤੇ ਇਹਨਾਂ ਤਬਦੀਲੀਆਂ ਨਾਲ ਫ਼ਾਇਦਾ ਹੁੰਦਾ ਹੈ, ਨੂੰ ਯਕੀਨੀ ਬਣਾਉਣ ਲਈ ਰਾਸ਼ਟਰੀ, ਇਲਾਕਾਈ, ਸਟੇਟ ਅਤੇ ਸਥਾਨਕ ਪੱਧਰਾਂ 'ਤੇ ਭਾਈਚਾਰਿਆਂ ਅਤੇ ਹੋਰਨਾਂ ਸੰਸਥਾਵਾਂ ਨਾਲ ਮਿਲਵਰਤਨ ਵਿੱਚ ਕੰਮ ਕਰਨਾ।

ਯੋਜਨਾਬੱਧ ਟੀਚਾ 5: ਨਿਰਪੱਖਤਾ ਨੂੰ ਸ਼ੁਰੂ ਕਰਨਾ – ਪ੍ਰੋਗਰਾਮ, ਪਾੱਲਿਸੀ ਅਤੇ ਸੇਵਾ ਵਿਚਲੀਆਂ ਨਾਬਰਾਬਰੀਆਂ ਖ਼ਤਮ ਕਰਨ ਲਈ ਪੜ੍ਹਾਈ, ਪਾਰਦਰਸ਼ਿਤਾ ਅਤੇ ਜਵਾਬਦੇਹੀ ਜਾਰੀ ਰੱਖਣ ਲਈ ਲੋੜੀਂਦੇ ਸੰਸਥਾਗਤ ਸਿਸਟਮਾਂ ਨੂੰ ਸ਼ਾਮਿਲ ਕਰਨ ਦੀ ਲੋੜ ਅਨੁਸਾਰ ਗੱਲਬਾਤ ਕਰਨੀ ਅਤੇ ਫ਼ੈਰਨ ਕੰਮ ਕਰਨਾ।

1 ਯੋਜਨਾਬੱਧ ਟੀਚਾ 1: ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ

ਸਰਕਾਰੀ ਸੇਵਾ ਸੰਸਥਾਵਾਂ ਨੂੰ ਕਾਨੂੰਨੀ ਮਿਆਰਾਂ ਨਾਲ ਪ੍ਰਬੰਧ ਕਰਨ ਅਤੇ ਪਾਲਣਾ ਕਰਨ ਲਈ ਇਹਨਾਂ ਨੂੰ ਲਗਾਤਾਰ ਅਪਣਾਉਣਾ ਚਾਹੀਦਾ ਹੈ। ਜੇ ਇੱਕ ਯੂਨਿਟ ਪ੍ਰਸ਼ਾਸਨ ਅਤੇ ਅਗਵਾਈ ਵਿੱਚ ਤਬਦੀਲੀਆਂ, ਬਜਟ, ਮਨੁੱਖੀ ਸਰੋਤਾਂ ਅਤੇ ਤਕਨਾਲੋਜੀ ਵਰਗੀਆਂ ਕੁਝ ਬੇਕਾਇਦਗੀਆਂ ਅਤੇ ਗੜਬੜੀਆਂ ਨੂੰ ਖ਼ਤਮ ਕਰਨ ਵੇਲੇ ਕਾਨੂੰਨ ਅਤੇ ਅਖ਼ਤਿਆਰ ਲਾਗੂ ਕਰਦੀ ਹੈ, ਬਦਲਦੀ ਹੈ, ਸੋਧ ਕਰਦੀ ਹੈ ਜਾਂ ਰੱਦੋਬਦਲ ਕਰਦੀ ਹੈ, ਤਾਂ ਕਾਮਯਾਬ ਤਬਦੀਲੀ ਜੱਥੇਬੰਦੀ ਦੇ ਅੰਦਰ ਹੀ ਤੈਅ ਕੀਤੀ ਜਾਏਗੀ। ਰਾਸ਼ਟਰਪਤੀ ਬਾਈਡਨ ਨੇ ਫ਼ੈਡਰਲ ਸਰਕਾਰ ਲਈ ਬਰਾਬਰੀ ਅਤੇ ਨਿਆ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਸੀ। ਨਿਰਪੱਖਤਾ ਅਤੇ ਨਿਆ ਕਰਨ ਵਾਲੀ ਸਰਕਾਰ ਦੀਆਂ ਜ਼ਰੂਰਤਾਂ ਉਸ ਤਰੀਕੇ 'ਤੇ ਅਸਰ ਪਾਉਂਦੀਆਂ ਹਨ, ਜਿਵੇਂ ਫ਼ੈਡਰਲ ਸਰਕਾਰ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। NRCS ਏਜੰਸੀ ਦੀ ਅਗਵਾਈ ਤੋਂ ਲੈਕੇ ਸਥਾਨਕ ਪੱਧਰ ਤੱਕ ਨਿਰਪੱਖਤਾ ਨਾਲ ਕੰਮ ਕਰਨ ਦੀਆਂ ਜ਼ਰੂਰਤਾਂ ਵਿੱਚ ਚੈਂਪੀਅਨ ਹੋਏਗੀ। ਇਹ ਏਜੰਸੀ ਸਭਿਆਚਾਰ ਬਦਲਣ ਅਤੇ ਗੱਲਬਾਤ (ਸੰਚਾਰ) ਨੂੰ ਉੱਚ-ਪੱਧਰ ਤੱਕ ਵਧਾਉਣ ਦੀ ਇਸਦੀ ਸਮਰੱਥਾ ਬਾਰੇ ਖੋਜ ਕਰਕੇ ਅਤੇ ਸੰਸਥਾਗਤ ਤਬਦੀਲੀ ਵਲ ਸਥਾਈ ਵਚਨਬੱਧਤਾ ਨਾਲ ਕੰਮ ਕਰਦਿਆਂ, ਇਹ ਕੰਮ ਸਿਰੇ ਚਾੜ੍ਹੇਗੀ। ਕਿਰਤ ਬਲ ਦੇ ਸਮੂਹਕ ਭਰੋਸੇ, ਕਦਰਾਂ-ਕੀਮਤਾਂ, ਵਿਹਾਰ, ਨਜ਼ਰੀਏ, ਕਾਰਗੁਜ਼ਾਰੀ, ਗਾਹਕ ਸੇਵਾ ਅਤੇ ਜਵਾਬਦੇਹੀ ਦਾ ਪੱਧਰ ਨਿਰਪੱਖਤਾ ਦੀਆਂ ਜ਼ਰੂਰਤਾਂ ਵਿੱਚ ਤਬਦੀਲੀ ਲਿਆਉਣ ਲਈ ਅਹਿਮ ਹੋਏਗਾ।

ਯੋਜਨਾਬੱਧ ਟੀਚਾ 1 ਦੀਆਂ ਚਾਰ ਤਰਜੀਹੀ ਕਾਰਵਾਈਆਂ ਹਨ:

1.1 NRCS ਦੀ ਨਿਰਪੱਖਤਾ ਡਿਵੀਜ਼ਨ ਬਣਾਉਣੀ

1.2 NRCS ਦੇ ਚੀਫ਼ ਦੀ ਸੰਸਥਾਗਤ ਤਬਦੀਲੀ ਬਾਰੇ ਜਾਣਕਾਰੀ (ਪ੍ਰੋਗਰਾਮ ਦੇ ਸਾਰੇ ਕਾਰਜ ਅਤੇ ਸੇਵਾਵਾਂ) ਅਤੇ ਜੱਥੇਬੰਦਕ ਅਨੁਭਵ (NRCS ਦੀ ਦਰਜਾਬੰਦ ਜੱਥੇਬੰਦੀ) ਲਈ ਵਚਨਬੱਧਤਾ ਪ੍ਰਗਟਾਉਣੀ

1.3 ਸਰੋਤ ਸਬੰਧੀ ਸਮਗ੍ਰੀਆਂ ਤਿਆਰ ਕਰਨੀਆਂ, ਜੋ NRCS ਵਿਚਲੀ ਨਿਰਪੱਖਤਾ ਦੀ ਕਲਪਨਾ ਅਤੇ ਇਸਦਾ ਪ੍ਰਬੰਧ ਕਰਨ ਲਈ ਸਰਕਾਰ ਦੇ ਇਤਿਹਾਸ ਨੂੰ ਸਪਸ਼ਟ ਤੌਰ 'ਤੇ ਪਛਾਣਦੀਆਂ ਹਨ ਅਤੇ ਨਿਰਪੱਖਤਾ ਅਤੇ ਨਾਬਰਾਬਰੀ, ਪੱਖਪਾਤ ਅਤੇ ਗੁੱਝੀ ਅਤੇ ਸਪਸ਼ਟ ਤਰਫ਼ਦਾਰੀ ਅਤੇ ਵਿਅਕਤੀਗਤ, ਸੰਸਥਾਗਤ ਅਤੇ ਆਮ ਨਸਲਪ੍ਰਸਤੀ ਦੀ ਸਪਸ਼ਟ ਅਤੇ ਅਸਾਨੀ ਨਾਲ ਸਮਝੀਆਂ ਗਈਆਂ ਪਰਿਭਾਸ਼ਾਵਾਂ ਦੀ ਵਰਤੋਂ ਕਰਦੀ ਹੈ।

1.4 ਮੁਲਾਜ਼ਮ ਸਬੰਧੀ ਪੇਸ਼ੇਵਾਰਾਨਾ ਵਿਕਾਸ – ਨਿਰਪੱਖਤਾ ਸਬੰਧੀ ਆਮ ਸਮਝ ਉਸਾਰਣੀ ਅਤੇ NRCS ਦੇ ਸਾਰੇ ਮੁਲਾਜ਼ਮਾਂ ਲਈ ਮੁਹਾਰਤ ਸਬੰਧੀ ਸੈਟ ਤਿਆਰ ਕਰਨੇ

ਯੋਜਨਾਬੱਧ ਟੀਚਾ 1: ਨਿਰਪੱਖਤਾ ਲਈ ਜੱਥੇਬੰਦਕ ਸਮਰੱਥਾ • ਇਸ ਸੰਦਰਭ ਵਿੱਚ "ਜੱਥੇਬੰਦਕ ਸਮਰੱਥਾ", ਉਸ ਸਮਰੱਥਾ ਦਾ ਹਵਾਲਾ ਦਿੰਦੀ ਹੈ, ਜੋ NRCS ਦੇ ਸੰਭਾਲ ਸਬੰਧੀ ਪ੍ਰੋਗਰਾਮਾਂ ਅਤੇ ਸੇਵਾ ਸਬੰਧੀ ਡਿਲੀਵਰੀ ਸਿਸਟਮ ਲਈ ਲਗਾਤਾਰ ਲਾਹੇਵੰਦ ਅਤੇ ਅਸਰਦਾਰ ਹੋਣ ਦਾ ਮੁਜ਼ਾਹਰਾ ਕਰਦੀ ਹੈ। ਸੰਭਾਲ ਸਬੰਧੀ ਪ੍ਰੋਗਰਾਮ ਦੀ ਡਿਲੀਵਰੀ, ਏਜੰਸੀ ਦੇ ਮਨੁੱਖੀ ਅਤੇ ਜੱਥੇਬੰਦਕ ਅਸਾਸਿਆਂ ਨੂੰ ਤਿਆਰ ਕਰਕੇ ਅਤੇ ਅਸਰਦਾਰ ਪਾੱਲਿਸੀਆਂ, ਪ੍ਰੋਗਰਾਮਾਂ ਅਤੇ ਢੰਗ-ਤਰੀਕਿਆਂ ਨੂੰ ਕਾਮਯਾਬੀ ਨਾਲ ਲਾਗੂ ਕਰਨ ਵਾਸਤੇ ਉਹਨਾਂ ਦੀ ਵਰਤੋਂ ਕਰਕੇ ਇਸ ਸਮਰੱਥਾ ਨੂੰ ਸਮਝ ਸਕਦੀ ਹੈ। ਇਹਨਾਂ ਅਸਾਸਿਆਂ ਵਿੱਚ ਮਾਲੀ ਸਰੋਤ, ਅਮਲ, ਸੰਸਥਾਗਤ ਜਾਣਕਾਰੀ, ਅਗਵਾਈ ਅਤੇ ਅੰਦਰੂਨੀ ਅਤੇ ਬਾਹਰੀ ਸਬੰਧ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ। ਜੱਥੇਬੰਦਕ ਸਮਰੱਥਾ ਸਿਰਜਣ ਲਈ, NRCS ਦੇ ਅਧਿਕਾਰ-ਖੇਤਰ ਸਬੰਧੀ ਜਾਣਕਾਰੀ (ਸਾਰੇ ਕਾਰਜ) ਅਤੇ ਸੰਸਥਾਗਤ ਤਬਦੀਲੀ ਦੇ ਅਨੁਭਵ (ਪੂਰੀ ਦਰਜਾਬੰਦ ਜੱਥੇਬੰਦੀ) ਪ੍ਰਤੀ ਵਚਨਬੱਧ ਜ਼ਰੂਰ ਹੋਣਾ ਚਾਹੀਦਾ ਹੈ। ਭਾਈਵਾਲਾਂ ਅਤੇ ਹਿੱਤਧਾਰਕਾਂ ਦੀ ਸਹਾਇਤਾ ਲਈ ਏਜੰਸੀ ਦੀ ਲੀਡਰਸ਼ਿਪ, ਵੱਡੇ ਅਫ਼ਸਰ ਅਤੇ ਚੁਣੇ ਗਏ ਮੈਂਬਰ ਅਹਿਮ ਹਨ, ਜਦਕਿ ਤਬਦੀਲੀਆਂ ਆਖ਼ਰਕਾਰ ਜ਼ਮੀਨ 'ਤੇ ਹੀ ਹੁੰਦੀਆਂ ਹਨ। ਇਸ ਤਰ੍ਹਾਂ, ਬੁਨਿਆਦੀ ਢਾਂਚਾ, ਜੋ ਸਥਾਨਕ, ਸਟੇਟ, ਇਲਾਕਾਈ ਅਤੇ ਰਾਸ਼ਟਰੀ ਪੱਧਰਾਂ 'ਤੇ ਨਿਰਪੱਖਤਾ ਨਾਲ ਜੁੜੇ ਮਾਹਿਰ ਅਤੇ ਟੀਮਾਂ ਤਿਆਰ ਕਰਦਾ ਹੈ, ਵਿਹਾਰਕ ਹੈ।

ਤਰਜੀਹੀ ਕਾਰਵਾਈ 1.1: NRCS ਦੀ ਨਿਰਪੱਖਤਾ ਡਿਵੀਜ਼ਨ ਬਣਾਉਣੀ

1.1a ਰਸਮੀ ਤੌਰ 'ਤੇ NRCS org ਚਾਰਟ ਵਿੱਚ ਜੱਥੇਬੰਦਕ ਯੂਨਿਟ ਸ਼ਾਮਿਲ ਕਰਨੀ

1.1b ਡਾਇਰੈਕਟਰ ਅਤੇ ਸਟਾਫ਼ ਨੂੰ ਭਰਤੀ ਕਰਨਾ ਅਤੇ ਨੌਕਰੀ 'ਤੇ ਰੱਖਣਾ

1.1c NRCS ਦੀ ਵੈਬਸਾਈਟ ਦਾ ਨਿਰਪੱਖਤਾ ਸਬੰਧੀ ਸੈਕਸ਼ਨ ਤਿਆਰ ਕਰਨਾ

ਤਰਜੀਹੀ ਕਾਰਵਾਈ 1.2: ਸੰਸਥਾਗਤ ਤਬਦੀਲੀ ਦੀ ਜਾਣਕਾਰੀ (ਪ੍ਰੋਗਰਾਮ ਦੇ ਸਾਰੇ ਕਾਰਜ ਅਤੇ ਸੇਵਾਵਾਂ) ਅਤੇ ਜੱਥੇਬੰਦਕ ਅਨੁਭਵ (NRCS ਦੀ ਦਰਜਾਬੰਦ ਜੱਥੇਬੰਦੀ) ਲਈ NRCS ਦੇ ਚੀਫ਼ ਦੀ ਵਚਨਬੱਧਤਾ ਬਾਰੇ ਦੱਸਣਾ

1.2a ਸਾਰੇ ਮੁਲਾਜ਼ਮਾਂ ਲਈ, NRCS ਰਾਹੀਂ *ਅਤਿ-ਪੱਛੜੇ ਭਾਈਚਾਰਿਆਂ ਲਈ ਨਿਰਪੱਖਤਾ ਅਤੇ ਸਹਾਇਤਾ ਨੂੰ ਅੱਗੇ ਵਧਾਉਣ ਵਾਸਤੇ* ਏਜੰਸੀ ਦੀ ਵਚਨਬੱਧਤਾ ਬਾਰੇ ਗੱਲਬਾਤ ਕਰਨੀ:

- ਪਿਛੋਕੜ ਅਤੇ ਉਦੇਸ਼
- ਚੀਫ਼ ਦੀ ਵਚਨਬੱਧਤਾ
- ਲੋਕਾਂ ਦੀ ਰਾਇ ਲੈਣ ਵਾਸਤੇ NRCS ਦੇ ਸਾਰੇ ਦਫ਼ਤਰਾਂ ਵਿੱਚ NRCS ਵਲੋਂ ਨਿਰਪੱਖਤਾ ਨੂੰ ਅੱਗੇ ਵਧਾਉਣ ਸਬੰਧੀ ਪਾੱਲਿਸੀ ਦੀ ਸਟੇਟਮੈਂਟ ਅਤੇ NRCS ਦੇ ਨਿਰਪੱਖਤਾ ਸਬੰਧੀ ਪੋਸਟਰ ਲਾਉਣ ਲਈ ਜ਼ਰੂਰਤਾਂ ਦਾ ਐਲਾਨ
- ਨਿਰਪੱਖਤਾ ਡਿਵੀਜ਼ਨ ਲਈ ਸੰਪਰਕ ਜਾਣਕਾਰੀ

ਤਰਜੀਹੀ ਕਾਰਵਾਈ 1.3: ਸਰੋਤ ਸਬੰਧੀ ਸਮਗ੍ਰੀਆਂ ਤਿਆਰ ਕਰਨੀਆਂ, ਜੋ NRCS ਵਿਚਲੀ ਨਿਰਪੱਖਤਾ ਦੀ ਕਲਪਨਾ ਅਤੇ ਇਸਦਾ ਪ੍ਰਬੰਧ ਕਰਨ ਲਈ ਸਰਕਾਰ ਦੇ ਇਤਿਹਾਸ ਨੂੰ ਸਪਸ਼ਟ ਤੌਰ 'ਤੇ ਪਛਾਣਦੀਆਂ ਹਨ ਅਤੇ ਨਿਰਪੱਖਤਾ ਅਤੇ ਨਾਬਰਾਬਰੀ, ਪੱਖਪਾਤ ਅਤੇ ਗੁੱਝੀ ਅਤੇ ਸਪਸ਼ਟ ਤਰਫ਼ਦਾਰੀ ਅਤੇ ਵਿਅਕਤੀਗਤ, ਸੰਸਥਾਗਤ ਅਤੇ ਆਮ ਨਸਲਪ੍ਰਸਤੀ ਦੀ ਸਪਸ਼ਟ ਅਤੇ ਅਸਾਨੀ ਨਾਲ ਸਮਝੀਆਂ ਗਈਆਂ ਪਰਿਭਾਸ਼ਾਵਾਂ ਦੀ ਵਰਤੋਂ ਕਰਦੀ ਹੈ।

1.3a NRCS ਸਬੰਧੀ ਨਿਰਪੱਖਤਾ ਤਿਆਰ ਕਰਨੀ: ਕੰਮ ਕਰਨ ਦਾ ਮਿਆਰੀ ਅਮਲ, ਬ੍ਰੋਸ਼ਰ ਅਤੇ ਤੱਥ-ਸ਼ੀਟ

ਤਰਜੀਹੀ ਕਾਰਵਾਈ 1.4: ਮੁਲਾਜ਼ਮ ਸਬੰਧੀ ਪੇਸ਼ੇਵਾਰਾਨਾ ਵਿਕਾਸ - ਨਿਰਪੱਖਤਾ ਸਬੰਧੀ ਆਮ ਸਮਝ ਉਸਾਰਣੀ ਅਤੇ NRCS ਦੇ ਸਾਰੇ ਮੁਲਾਜ਼ਮਾਂ ਲਈ ਮੁਹਾਰਤ ਸਬੰਧੀ ਸੈਟ ਤਿਆਰ ਕਰਨੇ

1.4a NRCS ਦੇ ਸਾਰੇ ਮੁਲਾਜ਼ਮਾਂ ਲਈ ਨਿਰਪੱਖਤਾ ਅਤੇ ਸ਼ਮੂਲੀਅਤ ਤਿਆਰ ਕਰਨ ਵਾਸਤੇ ਲੋੜੀਂਦੀਆਂ ਸਿਖਲਾਈ ਯੂਨਿਟਾਂ (SES ਅਤੇ ਮੈਨੇਜਰ; ਸੁਪਰਵਾਈਜ਼ਰ; ਅਤੇ ਗ਼ੈਰ-ਸੁਪਰਵਾਈਜ਼ਰੀ), ਜਿਵੇਂ:

- ਗੁੱਝੀ ਅਤੇ ਸਪਸ਼ਟ ਤਰਫ਼ਦਾਰੀ
- ਵਿਅਕਤੀਗਤ, ਸੰਸਥਾਗਤ ਅਤੇ ਆਮ ਨਸਲਪ੍ਰਸਤੀ
- NRCS ਦੇ ਪ੍ਰੋਗਰਾਮਾਂ ਅਤੇ ਪਾੱਲਿਸੀਆਂ ਲਈ ਨਿਰਪੱਖਤਾ ਸਬੰਧੀ ਸਾਧਨਾਂ ਦੀ ਵਰਤੋਂ ਕਿਵੇਂ ਕਰਨੀ ਹੈ
- ਨਿਰਪੱਖਤਾ ਸਬੰਧੀ ਡਾਟਾ ਦਾ ਵਿਸ਼ਲੇਸ਼ਣ (ਸਿੱਟੇ ਅਤੇ ਰਿਪੋਰਟਿੰਗ)
- ਇਤਿਹਾਸਕ ਤੌਰ 'ਤੇ ਅਤਿ-ਪੱਛੜਿਆਂ ਦੀ ਰਹਿਣ ਵਾਲ਼ੀ ਥਾਂ 'ਤੇ ਸੇਵਾਵਾਂ ਜਾਂ ਜਾਣਕਾਰੀ ਪਹੁੰਚਾਉਣ ਦੀ ਕੋਸ਼ਿਸ਼ ਕਰਨੀ

> “ਸਾਡਾ ਕਿਰਤ-ਬਲ ਅਤੇ ਸਾਡੀ ਪੂਰੀ ਆਰਥਕਤਾ ਮਜ਼ਬੂਤ ਹੈ, ਇਸ ਲਈ ਜਦੋਂ ਅਸੀਂ ਵੰਨ-ਸੁਵੰਨਤਾ ਨੂੰ ਪੂਰੀ ਤਰ੍ਹਾਂ ਅਪਣਾਉਂਦੇ ਹਾਂ, ਤਾਂ ਇਸਦਾ ਮਤਲਬ ਹੈ ਕਿ ਸਾਰਿਆਂ ਲਈ ਮੌਕਿਆਂ ਦਾ ਬੂਹਾ ਖੋਲ੍ਹਣਾ ਅਤੇ ਇਹ ਮੰਨਣਾ ਕਿ ਅਮਰੀਕੀ ਸੁਫ਼ਨੇ ਵਿੱਚ ਕਿਸੇ ਨੂੰ ਵੀ ਬਾਹਰ ਨਹੀਂ ਰਹਿਣ ਦੇਣਾ।”
>
> *- ਟੌਮ ਪੈਰੇਜ਼ (Tom Perez)*

2 ਯੋਜਨਾਬੱਧ ਟੀਚਾ 2: ਨਿਰਪੱਖਤਾ ਸਬੰਧੀ ਟੂਲਕਿਟਸ

ਪਾੱਲਿਸੀਆਂ, ਢੰਗ-ਤਰੀਕਿਆਂ, ਪ੍ਰੋਗਰਾਮਾਂ ਅਤੇ ਬਜਟ ਸਮੇਤ ਫ਼ੈਸਲਿਆਂ ਵਿੱਚ ਨਿਰਪੱਖਤਾ ਦੇ ਸਪਸ਼ਟ ਵਿਚਾਰ ਨੂੰ ਇਕਜੁੱਟ ਕਰਨ ਲਈ ਨਿਰਪੱਖਤਾ ਸਬੰਧੀ ਸਾਧਨ ਤਿਆਰ ਕੀਤੇ ਗਏ ਹਨ। ਇਹ ਉਤਪਾਦ ਅਤੇ ਅਮਲ ਦੋਵੇਂ ਹੈ। ਨਿਰਪੱਖਤਾ ਸਬੰਧੀ ਸਾਧਨ ਦੀ ਵਰਤੋਂ ਕਰਨ ਨਾਲ ਅਜਿਹੀਆਂ ਰਣਨੀਤੀਆਂ ਅਤੇ ਕਾਰਵਾਈਆਂ ਤਿਆਰ ਕਰਨ ਵਿੱਚ ਮਦਦ ਮਿਲ ਸਕਦੀ ਹੈ, ਜੋ ਨਾਬਰਾਬਰੀਆਂ ਨੂੰ ਘਟਾਉਂਦੀਆਂ ਹਨ ਅਤੇ ਸਾਰੇ ਸਮੂਹਾਂ ਲਈ ਕਾਮਯਾਬੀ ਵਿੱਚ ਸੁਧਾਰ ਕਰਦੀਆਂ ਹਨ। ਅਕਸਰ, ਨਿਰਪੱਖਤਾ ਬਾਰੇ ਸੁਲਝਿਆ ਹੋਇਆ ਵਿਚਾਰ-ਵਟਾਂਦਰਾ ਕੀਤੇ ਬਿਨਾ ਹੀ ਪਾੱਲਿਸੀਆਂ ਅਤੇ ਪ੍ਰੋਗਰਾਮ ਤਿਆਰ ਕੀਤੇ ਜਾਂਦੇ ਹਨ ਅਤੇ ਲਾਗੂ ਕੀਤੇ ਜਾਂਦੇ ਹਨ। ਨਿਰਪੱਖਤਾ ਨੂੰ ਸਪਸ਼ਟ ਤੌਰ 'ਤੇ ਕਾਰਜ ਅਤੇ ਫ਼ੈਸਲੇ ਕਰਨ ਵਿੱਚ ਲਾਗੂ ਨਾ ਕੀਤੇ ਜਾਣ ਵੇਲ਼ੇ ਇਸ ਨਾਲ ਨਾਬਰਾਬਰੀਆਂ ਖ਼ਤਮ ਨਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਨਿਰਪੱਖਤਾ ਸਬੰਧੀ ਸਾਧਨ, ਨਿਰਪੱਖਤਾ ਦੇ ਇਹਨਾਂ ਵਿਚਾਰਾਂ ਨੂੰ ਆਮ ਤੌਰ 'ਤੇ ਸੰਸਥਾ ਦੇ ਢੰਗ-ਤਰੀਕੇ ਜਾਂ ਸਰਗਰਮੀ ਵਿੱਚ ਇਕਮਿਕ ਕਰਨ ਲਈ ਢਾਂਚਾ ਮੁਹੱਈਆ ਕਰਦੇ ਹਨ। ਨਿਰਪੱਖਤਾ ਸਬੰਧੀ ਟੂਲਕਿਟ[1] ਨਿਰਪੱਖਤਾ ਸਬੰਧੀ ਸਾਧਨਾਂ ਦੇ ਪਹਿਲੂਆਂ ਦਾ ਫ਼ਾਇਦਾ ਲੈਣਾ:

- ਨਾਬਰਾਬਰੀਆਂ ਖ਼ਤਮ ਕਰਨ ਅਤੇ ਨਿਰਪੱਖਤਾ ਅੱਗੇ ਵਧਾਉਣ ਲਈ ਵਿਹਾਰਕ ਤੌਰ 'ਤੇ ਕੋਸ਼ਿਸ਼ ਕਰਨੀ,
- ਸਪਸ਼ਟ ਟੀਚਿਆਂ, ਉਦੇਸ਼ਾਂ ਅਤੇ ਅਹਿਮ ਨਤੀਜਿਆਂ ਦੀ ਪਛਾਣ ਕਰਨੀ,
- ਫ਼ੈਸਲਾ ਲੈਣ ਦੇ ਅਮਲਾਂ ਵਿੱਚ ਭਾਈਚਾਰਿਆਂ ਨੂੰ ਸ਼ਾਮਿਲ ਕਰਨਾ,
- ਇਹ ਪਤਾ ਲਾਉਣਾ ਕਿ ਕੀਤੇ ਗਏ ਫ਼ੈਸਲੇ ਨਾਲ ਕਿਸ ਨੂੰ ਫ਼ਾਇਦਾ ਹੋਏਗਾ ਜਾਂ ਪਰੇਸ਼ਾਨੀ ਹੋਏਗੀ,
- ਫ਼ੈਸਲੇ ਦੇ ਸੰਭਵ ਉਮੀਦ ਨਾ ਕੀਤੇ ਗਏ ਨਤੀਜਿਆਂ ਦੀ ਜਾਂਚ ਕਰਨਾ;
- ਨਿਰਪੱਖਤਾ ਅੱਗੇ ਵਧਾਉਣ ਲਈ ਰਣਨੀਤੀਆਂ ਤਿਆਰ ਕਰਨੀਆਂ ਅਤੇ ਉਮੀਦ ਨਾ ਕੀਤੇ ਗਏ ਮਾੜੇ ਨਤੀਜਿਆਂ ਨੂੰ ਘਟਾਉਣਾ ਅਤੇ
- ਕਾਮਯਾਬੀ ਨਾਲ ਲਾਗੂ ਕਰਨ ਅਤੇ ਅਸਰ ਦੇ ਮੁਲਾਂਕਣ ਲਈ ਸਿਸਟਮ ਤਿਆਰ ਕਰਨਾ।

ਯੋਜਨਾਬੱਧ ਟੀਚਾ 2 ਦੀਆਂ ਚਾਰ ਤਰਜੀਹੀ ਕਾਰਵਾਈਆਂ ਹਨ:

2.1 ਫ਼ੈਸਲਾ ਲੈਣ ਦੇ ਅਮਲ ਨਾਲ ਜੁੜੀ ਨਿਰਪੱਖਤਾ ਨੂੰ ਇਕਜੁੱਟ ਕਰਨ ਲਈ ਨਿਰਪੱਖਤਾ ਸਬੰਧੀ ਟੂਲਕਿਟਸ ਤਿਆਰ ਕਰਨੀਆਂ

2.2 ਨਿਰਪੱਖਤਾ ਸਬੰਧੀ ਸਾਧਨਾਂ ਦੀ ਸੰਸਥਾਗਤ ਵਰਤੋਂ ਲਈ NRCS ਦੇ ਸਾਰੇ ਜੱਥੇਬੰਦਕ ਪੱਧਰਾਂ 'ਤੇ ਮੁਲਾਜ਼ਮਾਂ ਲਈ ਮਿੱਥੀ ਗਈ ਸਿਖਲਾਈ ਤਿਆਰ ਕਰਨੀ

2.3 NRCS ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚਲੇ ਅੜਿੱਕਿਆਂ ਅਤੇ ਨਾਬਰਾਬਰੀਆਂ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਪ੍ਰੋਗਰਾਮ ਆਉਟਰੀਚ ਦੀਆਂ ਕੋਸ਼ਿਸ਼ਾਂ

2.4 Justice40 ਦੀ ਪਹਿਲਕਦਮੀ (USDA) – ਪ੍ਰੋਗਰਾਮ ਲਾਗੂ ਕਰਨਾ

ਯੋਜਨਾਬੱਧ ਟੀਚਾ 2: ਨਿਰਪੱਖਤਾ ਸਬੰਧੀ ਟੂਲਕਿਟਸ • USDA ਨੂੰ ਪ੍ਰੋਗਰਾਮ ਵਿੱਚ ਪੱਖਪਾਤ ਦੀਆਂ ਸ਼ਿਕਾਇਤਾਂ ਦਾ ਠੀਕ ਢੰਗ ਨਾਲ ਨਿਪਟਾਰਾ ਕਰਨ ਵਿੱਚ ਨਾਕਾਮ ਰਹਿਣ ਲਈ ਪ੍ਰੋਗਰਾਮ ਤਿਆਰ ਕਰਨ ਵਿੱਚ ਆਮ ਪੱਖਪਾਤ ਤੋਂ ਲੈਕੇ 'ਗ਼ਲਤ ਕੰਮ ਕਰਨ' ਦੇ ਪਿਛਲੇ ਇਤਿਹਾਸ ਵਜੋਂ ਜਾਣਿਆ ਜਾਂਦਾ ਹੈ। NRCS ਦੀਆਂ ਸੰਭਾਲ ਦੇ ਪ੍ਰੋਗਰਾਮ ਸਬੰਧੀ ਪਾੱਲਿਸੀਆਂ, ਅਮਲ ਅਤੇ ਢੰਗ-ਤਰੀਕੇ, ਜੋ ਨਾਬਰਾਰੀਆਂ ਨੂੰ ਵਧਾਉਂਦੇ ਹਨ, ਲਈ ਤਬਦੀਲੀਆਂ ਵਾਸਤੇ ਫ਼ੈਸਲੇ ਲੈਣ ਵਿੱਚ ਨਿਰਪੱਖਤਾ ਸਬੰਧੀ ਸਾਧਨਾਂ ਨੂੰ ਲਾਗੂ ਕਰਨਗੇ ਅਤੇ ਇਸਨੂੰ ਸੰਸਥਾਗਤ ਬਣਾਉਣਗੇ। ਏਜੰਸੀ, ਪ੍ਰੋਗਰਾਮ ਸਬੰਧੀ ਨਵੀਆਂ ਪਾੱਲਿਸੀਆਂ, ਅਮਲਾਂ ਅਤੇ ਢੰਗ-ਤਰੀਕਿਆਂ ਨੂੰ ਵਧਾਉਣ ਲਈ ਫ਼ੈਸਲੇ ਲੈਣ ਵਿੱਚ ਨਿਰਪੱਖਤਾ ਸਬੰਧੀ ਸਾਧਨਾਂ ਦੀ ਵੀ ਵਰਤੋਂ ਕਰੇਗੀ। ਨਿਰਪੱਖਤਾ ਸਬੰਧੀ ਸਾਧਨਾਂ ਦੀ ਸੰਸਥਾਗਤ ਵਰਤੋਂ ਨਾਲ ਸੋਚੇ-ਸਮਝੇ, ਵਿਹਾਰਕ ਫ਼ੈਸਲੇ ਕਰਨ ਅਤੇ ਲਾਗੂ ਕਰਨ ਵਾਲੇ ਪ੍ਰੋਗਰਾਮ ਤਿਆਰ ਕਰਨ ਵਾਸਤੇ ਮੌਕੇ ਸਿਰਜੇ ਜਾਣਗੇ, ਜੋ ਨਿਰਪੱਖਤਾ ਨੂੰ ਅੱਗੇ ਵਧਾਉਣ ਅਤੇ ਲੰਮੀ-ਮਿਆਦ ਦੀ ਵਚਨਬੱਧਤਾ ਅਤੇ ਤਾਕਤ ਸਿਰਜਣ ਵਿੱਚ ਮਦਦ ਕਰਦੇ ਹਨ।

ਤਰਜੀਹੀ ਕਾਰਵਾਈ 2.1: ਫ਼ੈਸਲਾ ਲੈਣ ਦੇ ਅਮਲ ਨਾਲ ਜੁੜੀ ਨਿਰਪੱਖਤਾ ਨੂੰ ਇਕਜੁੱਟ ਕਰਨ ਲਈ ਨਿਰਪੱਖਤਾ ਸਬੰਧੀ ਟੂਲਕਿਟਸ ਤਿਆਰ ਕਰਨੀਆਂ

2.1a ਪ੍ਰੋਗਰਾਮ ਸਬੰਧੀ ਪਾੱਲਿਸੀਆਂ ਅਤੇ ਢੰਗ-ਤਰੀਕਿਆਂ ਬਾਰੇ ਫ਼ੈਸਲੇ ਲੈਣ ਲਈ ਨਿਰਪੱਖਤਾ ਸਬੰਧੀ ਸਾਧਨ ਤਿਆਰ ਕਰਨੇ

2.1b ਅਤਿ-ਪੱਛੜੇ ਲੋਕਾਂ ਦੇ ਰਹਿਣ ਵਾਲ਼ੀ ਥਾਂ 'ਤੇ ਸੇਵਾਵਾਂ ਜਾਂ ਜਾਣਕਾਰੀ ਪਹੁੰਚਾਉਣ ਦੀ ਕੋਸ਼ਿਸ਼ ਕਰਨੀ, ਖ਼ਰੀਦ ਅਤੇ ਵਿਗਿਆਨਕ ਖੋਜ ਲਈ ਗ੍ਰਾਂਟਾਂ ਅਤੇ ਸਮਝੌਤਿਆਂ ਸਬੰਧੀ ਫ਼ੈਸਲੇ ਲੈਣ ਲਈ ਨਿਰਪੱਖਤਾ ਸਬੰਧੀ ਸਾਧਨ ਤਿਆਰ ਕਰਨੇ

2.1c ਮੁਲਾਜ਼ਮ ਵਲੋਂ ਨਿਰਪੱਖਤਾ ਸਬੰਧੀ ਸਾਧਨਾਂ ਦੀ ਵਰਤੋਂ ਕਰਨ ਲਈ ਯੂਜ਼ਰ ਮੈਨੁਅਲ ਅਤੇ ਸੇਧ ਦੇਣ ਵਾਲ਼ੀ ਜ਼ਰੂਰੀ ਸਮਗ੍ਰੀ ਤਿਆਰ ਕਰਨੀ

ਤਰਜੀਹੀ ਕਾਰਵਾਈ 2.2: ਨਿਰਪੱਖਤਾ ਸਬੰਧੀ ਸਾਧਨਾਂ ਦੀ ਸੰਸਥਾਗਤ ਵਰਤੋਂ ਲਈ NRCS ਦੇ ਸਾਰੇ ਜੱਥੇਬੰਦਕ ਪੱਧਰਾਂ 'ਤੇ ਮੁਲਾਜ਼ਮਾਂ ਲਈ ਮਿੱਥੀ ਗਈ ਸਿਖਲਾਈ ਤਿਆਰ ਕਰਨੀ

2.2a ਰਾਸ਼ਟਰੀ ਅਤੇ ਸਟੇਟ ਪੱਧਰ 'ਤੇ ਅਸਾਨੀ ਨਾਲ ਉਪਲਬਧ ਪਲੈਟਫ਼ਾਰਮ ਦੇ ਨਾਲ ਨਿਰਪੱਖਤਾ ਸਬੰਧੀ ਸਾਧਨ ਦੀਆਂ ਸਿਖਲਾਈਆਂ ਦਾ ਪ੍ਰਬੰਧ ਕਰਨਾ

2.2b ਫ਼ੀਲਡ ਸਟਾਫ਼ ਦੀ ਵਰਤੋਂ ਲਈ NRCS ਦੇ ਕਾਰੋਬਾਰੀ ਸਾਧਨਾਂ ਵਿੱਚ ਨਿਰਪੱਖਤਾ ਸਬੰਧੀ ਸਰੋਤ ਸਮਗ੍ਰੀਆਂ ਨੂੰ ਇਕੱਠਾ ਕਰਨਾ, ਖ਼ਾਸ ਤੌਰ 'ਤੇ ਲੋਕਾਂ ਦੇ ਰਹਿਣ ਵਾਲ਼ੀ ਥਾਂ 'ਤੇ ਸੇਵਾਵਾਂ ਜਾਂ ਜਾਣਕਾਰੀ ਪਹੁੰਚਾਉਣ ਦੀ ਕੋਸ਼ਿਸ਼ ਅਤੇ ਵਿਉਂਤਬੰਦੀ ਲਈ ਫ਼ੀਲਡ ਸਟਾਫ਼ ਵਾਸਤੇ ਸਬੰਧਿਤ ਸੇਵਾ ਖੇਤਰਾਂ ਵਿੱਚ ਅਤਿ-ਪੱਛੜੇ ਭਾਈਚਾਰਿਆਂ ਬਾਰੇ ਮਿੱਥੇ ਹੋਏ ਸਰੋਤ

ਤਰਜੀਹੀ ਕਾਰਵਾਈ 2.3: NRCS ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚਲੇ ਅੜਿੱਕਿਆਂ ਅਤੇ ਨਾਬਰਾਬਰੀਆਂ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਪ੍ਰੋਗਰਾਮ ਆਉਟਰੀਚ ਦੀਆਂ ਕੋਸ਼ਿਸ਼ਾਂ

2.3 ਸਟੇਟਾਂ ਦੇ ਅਤੇ ਇਲਾਕਾਈ ਖੇਤਰਾਂ ਦੇ 3-ਤੋਂ-5 ਸਾਲ ਦੇ ਪ੍ਰੋਗਰਾਮ ਆਉਟਰੀਚ ਪਲਾਨਾਂ ਵਿੱਚ ਨਿਰਪੱਖਤਾ ਸਬੰਧੀ ਸਾਧਨ ਸਬੰਧੀ ਕਾਰਵਾਈਆਂ ਸ਼ਾਮਿਲ ਕਰਨੀਆਂ (ਯੋਜਨਾਬੱਧ ਟੀਚਾ 4.2 ਵੇਖੋ)

ਤਰਜੀਹੀ ਕਾਰਵਾਈ 2.4: Justice40 ਦੀ ਪਹਿਲਕਦਮੀ (USDA) – ਪ੍ਰੋਗਰਾਮ ਲਾਗੂ ਕਰਨਾ

Justice40 ਦੀ ਪਹਿਲਕਦਮੀ NRCS ਦੇ ਸੰਭਾਲ ਸਬੰਧੀ ਕੁਝ ਪ੍ਰੋਗਰਾਮਾਂ ਤੋਂ ਸਮੁੱਚੀ ਪੂੰਜੀਕਾਰੀ ਦੇ ਲਾਭਾਂ ਦਾ 40% ਅਤਿ-ਪੱਛੜੇ ਭਾਈਚਾਰਿਆਂ ਤੱਕ ਪਹੁੰਚਾਉਣ ਦਾ ਟੀਚਾ ਤੈਅ ਕਰਦੀ ਹੈ।

2.4 a ਪ੍ਰੋਗਰਾਮ ਵਿੱਚ ਤਰਮੀਮ ਕਰਨ ਸਬੰਧੀ ਪਲਾਨ: ਇਸਦੇ ਘੇਰੇ ਹੇਠਲੇ ਹਰ ਪ੍ਰੋਗਰਾਮ ਲਈ, USDA ਪ੍ਰੋਗਰਾਮ ਦੀਆਂ ਟੀਮਾਂ ਅਤਿ-ਪੱਛੜੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੇ ਲਾਭ ਵਧਾਉਣ ਲਈ ਕਾਰਵਾਈਆਂ ਦੀ ਪਛਾਣ ਕਰਦੀਆਂ ਹਨ

2.4b ਭੂਗੋਲਿਕ ਟੀਚੇ ਵਾਲ਼ੀ ਪੱਧਤੀ: NRCS ਦੇ ਲਾਗੂ ਪ੍ਰੋਗਰਾਮਾਂ ਲਈ, CEQ ਜਲਵਾਯੂ ਅਤੇ ਆਰਥਿਕ ਨਿਆ ਸਬੰਧੀ ਸਕ੍ਰੀਨਿੰਗ ਸਾਧਨ ਦੀ ਵਰਤੋਂ ਬਾਰੇ ਸੇਧ ਅਨੁਸਾਰ ਭੂਗੋਲਿਕ ਤੌਰ 'ਤੇ ਟੀਚੇ ਹੇਠਲੇ ਅਤਿ-ਪੱਛੜੇ ਭਾਈਚਾਰਿਆਂ ਲਈ ਪੱਧਤੀ ਤਿਆਰ ਕਰਨ ਅਤੇ ਉਹਨਾਂ ਨੂੰ ਦੱਸਣ ਲਈ ਪ੍ਰੋਗਰਾਮਾਂ ਦੇ ਡਿਪਟੀ ਏਰੀਆ ਦੀ ਨਿਰਪੱਖਤਾ ਸਬੰਧੀ ਡਿਵੀਜ਼ਨ ਨਾਲ ਮਿਲਵਰਤਨ ਕਰਨੀ।

2.4c ਬਜਟ: ਮਾਲੀ ਸਾਲ 2022 ਤੋਂ 2026 ਲਈ ਬਜਟ ਨਾਲ ਜੁੜੀਆਂ ਤਰਜੀਹਾਂ ਬਾਰੇ Justice40 ਦੇ ਲਾਗੂ ਪਲਾਨਾਂ ਦਾ ਜਾਇਜ਼ਾ ਲੈਣਾ

2.4d ਹਿੱਤਧਾਰਕ ਦੀ ਸ਼ਮੂਲੀਅਤ: ਪ੍ਰੋਗਰਾਮ ਨੂੰ ਲਾਗੂ ਕਰਨ ਦੀ ਵਿਉਂਤਬੰਦੀ ਬਾਰੇ ਦੱਸਣ ਅਤੇ ਲਗਾਤਾਰ ਫ਼ੀਡਬੈਕ ਲੈਣ ਲਈ ਜਾਰੀ ਹਿੱਤਧਾਰਕ ਸ਼ਮੂਲੀਅਤ ਇਕੱਠੀ ਕਰਨੀ

2.4e ਏਜੰਸੀਆਂ ਵਿਚਕਾਰ ਮਿਲਵਰਤਨ: ਸੰਭਾਲ ਨਾਲ ਸਬੰਧਿਤ ਹੋਰ ਫ਼ੈਡਰਲ ਯੂਨਿਟਾਂ ਨਾਲ ਤਾਲਮੇਲ ਕਰਨਾ

> “ਜੇ ਸ਼ਕਰਕੰਦੀ ਦੀ ਚੰਗੀ ਫਸਲ ਨਹੀਂ ਹੁੰਦੀ, ਤਾਂ ਸ਼ਕਰਕੰਦੀ ਨੂੰ ਦੋਸ਼ ਨਾ ਦਿਓ। ਇੰਜ ਮਿੱਟੀ ਕਰਕੇ ਹੋਇਆ ਹੈ।”
>
> *- ਘਾਨਾ ਦਾ ਅਖ਼ਾਣ*

3 ਯੋਜਨਾਬੱਧ ਟੀਚਾ 3: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ

ਸਰਕਾਰ ਵਿੱਚ ਅਕਸਰ ਇੱਕ ਅਖਾਣ ਬੋਲਿਆ ਜਾਂਦਾ ਹੈ "ਗਿਣੀ ਜਾਣ ਵਾਲ਼ੀ ਚੀਜ਼ ਦੀ ਅਹਿਮੀਅਤ ਹੁੰਦੀ ਹੈ।" ਨਾਬਰਾਬਰੀਆਂ ਨਾਲ ਸਬੰਧਿਤ ਡਾਟਾ ਵੱਖ-ਵੱਖ ਪੱਧਰਾਂ ਲਈ ਉਪਲਬਧ ਹੋ ਸਕਦਾ ਹੈ। ਅਕਸਰ ਕੀ ਕਮੀ ਰਹਿ ਜਾਂਦੀ ਹੈ, ਹਾਲਾਂਕਿ ਕਮੀਆਂ-ਪੇਸ਼ੀਆਂ ਖ਼ਤਮ ਕਰਨ ਅਤੇ ਸਮੇਂ ਦੇ ਨਾਲ ਤਰੱਕੀ 'ਤੇ ਨਜ਼ਰ ਰੱਖਣ ਲਈ ਰਣਨੀਤੀਆਂ ਹਨ। ਜੇ ਅਸੀਂ ਕਈ ਪੱਧਰਾਂ 'ਤੇ ਅਸਰਾਂ ਬਾਰੇ ਨਿਗਰਾਨੀ ਰੱਖਣ ਲਈ ਵੀ ਡਾਟਾ ਦੀ ਵਰਤੋਂ ਨਹੀਂ ਕਰਦੇ, ਤਾਂ ਡਾਟਾ ਹੋਣਾ ਹੀ ਕਾਫ਼ੀ ਨਹੀਂ ਹੈ। ਸਮੱਸਿਆਵਾਂ ਦਾ ਪਤਾ ਲਾਉਣ, ਤਬਦੀਲੀ ਲਈ ਫ਼ੈਸਲੇ ਤਿਆਰ ਕਰਨ, ਸਰੋਤ ਲਾਉਣ, ਤਰੱਕੀ ਦੀ ਨਿਗਰਾਨੀ ਕਰਨ, ਅਸਰਦਾਰ ਢੰਗ ਨਾਲ ਮੁਲਾਂਕਣ ਕਰਨ ਅਤੇ ਲਗਾਤਾਰ ਸਹਾਇਤਾ ਨੂੰ ਸਹੀ ਠਹਿਰਾਉਣ ਲਈ ਡਾਟਾ ਦੀ ਅਥਾੱਰਿਟੀ ਦੀ ਲੋੜ ਪੈਂਦੀ ਹੈ। ਡਾਟਾ ਨਾਲ ਤਿਆਰ ਕੀਤੀ ਜਾਂਦੀ ਮਾਤਰਾ ਅਤੇ ਡਾਟਾ ਦੀ ਵਿਉਂਤਬੰਦੀ ਵਿੱਚ ਲਗਾਤਾਰ ਸੁਧਾਰ ਤੋਂ ਪ੍ਰਾਪਤ ਨਿਰਪੱਖਤਾ ਅਤੇ ਸ਼ਮੂਲੀਆਤ ਦੇ ਮੁਲਾਂਕਣ ਸਬੰਧੀ ਨਤੀਜੇ ਲਈ ਭਰੋਸੇਮੰਦ ਸਿੱਟੇ ਮਿਲਦੇ ਹਨ।

ਯੋਜਨਾਬੱਧ ਟੀਚਾ 3 ਦੀਆਂ ਚਾਰ ਤਰਜੀਹੀ ਕਾਰਵਾਈਆਂ ਹਨ:

3.1 ਡਾਟਾ ਨਾਲ ਤਿਆਰ ਕੀਤੀ ਜਾਂਦੀ ਨਿਰਪੱਖਤਾ ਲਈ ਲਗਾਤਾਰ ਸੁਧਾਰ ਸਬੰਧੀ NRCS ਦੇ ਪਲਾਨ

3.2 ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ ਬਾਰੇ ਕੈਟਲਾੱਗ

3.3 ਨਿਰਪੱਖਤਾ ਦੇ ਟੀਚਿਆਂ ਅਤੇ ਉਦੇਸ਼ਾਂ ਅਨੁਸਾਰ ਤਰੱਕੀ ਅਤੇ ਨਤੀਜਿਆਂ 'ਤੇ ਨਜ਼ਰ ਰੱਖਣ ਲਈ NRCS ਦੇ ਮਿਆਰ ਕਾਇਮ ਕਰਨੇ

ਯੋਜਨਾਬੱਧ ਟੀਚਾ 3: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ • NRCS ਸੰਭਾਲ ਸਬੰਧੀ ਪ੍ਰੋਗਰਾਮ ਅਤੇ ਤਕਨੀਕੀ ਸਹਾਇਤਾ ਨਾਲ ਜੁੜੇ ਡਾਟਾ ਅਤੇ ਡਾਟਾ ਦੇ ਹੋਰਨਾਂ ਸਰੋਤਾਂ ਦੀ ਵਰਤੋਂ ਕਰਕੇ ਨਿਰਪੱਖਤਾ ਸਬੰਧੀ ਅਮਲ ਵਿੱਚ ਸ਼ਾਮਿਲ ਹੋਏਗੀ, ਜੋ ਇਹ ਗੱਲ ਯਕੀਨੀ ਬਣਾਉਣ ਲਈ ਲੋੜੀਂਦੀ ਹੈ ਕਿ ਅਮਲ ਅਤੇ ਪ੍ਰੋਗਰਾਮ ਨਿਰਪੱਖ ਅਤੇ ਢੁਕਵੇਂ ਹਨ ਅਤੇ ਸਾਰੇ ਬੇਨਤੀਕਾਰਾਂ, ਹਿੱਸਾ ਲੈਣ ਵਾਲ਼ਿਆਂ, ਭਾਈਵਾਲਾਂ ਅਤੇ ਹਿੱਤਧਾਰਕਾਂ ਲਈ ਇਕੋ ਜਿਹੇ ਸੰਭਵ ਨਤੀਜੇ ਉਪਲਬਧ ਕਰਦੇ ਹਨ। ਅਜਿਹੇ ਸਿੱਟਿਆਂ ਦੀ ਗਰੰਟੀ ਕਦਰਾਂ-ਕੀਮਤਾਂ ਦੀ ਭਾਵਨਾ ਨੂੰ ਅਪਣਾਉਣ ਵਾਲ਼ੇ ਲੋਕਾਂ ਅਤੇ 'ਲੋਕਾਂ ਦੀ ਮਦਦ ਕਰਨ ਦਾ ਮਤਲਬ ਹੈ, ਆਪਣੇ ਦੇਸ਼ ਦੀ ਮਦਦ ਕਰਨਾ' ਦਾ ਸੁਆਗਤ ਕਰਨ ਨੂੰ ਸ਼ਾਮਿਲ ਕਰਨ ਲਈ ਪ੍ਰੇਰਿਤ ਕਰੇਗਾ। NRCS ਸਿਰਫ਼ ਡਾਟਾ ਹੀ ਇਕੱਠਾ ਨਹੀਂ ਕਰੇਗੀ, ਬਲਕਿ ਨਤੀਜੇ ਹਾਸਿਲ ਕਰਨ ਲਈ ਡਾਟਾ ਦੇ ਸਿੱਟਿਆਂ ਨੂੰ ਰਿਕਾੱਰਡ ਕਰੇਗੀ। ਆਮ ਤੌਰ 'ਤੇ ਨਿਰਪੱਖਤਾ ਅਤੇ ਡਾਟਾ ਦੀ ਸ਼ਮੂਲੀਅਤ ਦੀ ਮਾਤਰਾ ਦੇ ਦੋ ਪੱਧਰ ਹੁੰਦੇ ਹਨ: ਪਹਿਲਾ ਪੱਧਰ ਖ਼ਾਸ ਪ੍ਰੋਗਰਾਮ ਸਬੰਧੀ ਅਤੇ ਪਾੱਲਿਸੀ ਦੀਆਂ ਤਬਦੀਲੀਆਂ ਦੀ ਕਾਮਯਾਬੀ ਨੂੰ ਮਾਪਦਾ ਹੈ ਅਤੇ ਮਾਤਰਾ ਦਾ ਦੂਜਾ ਪੱਧਰ ਅਧਾਰ ਤਿਆਰ ਕਰਨ, ਟੀਚੇ ਤੈਅ ਕਰਨ ਅਤੇ ਸੰਭਾਲ ਸਬੰਧੀ ਪ੍ਰੋਗਰਾਮਾਂ ਅਤੇ ਤਕਨੀਕੀ ਸਹਾਇਤਾ ਸੇਵਾਵਾਂ ਨਾਲ ਜੁੜੀਆਂ ਪਹਿਲਕਦਮੀਆਂ ਅਤੇ ਟੀਚਿਆਂ ਲਈ ਹੋਈ ਤਰੱਕੀ ਨੂੰ ਮਾਪਦਾ ਹੈ।

ਤਰਜੀਹੀ ਕਾਰਵਾਈ 3.1: ਡਾਟਾ ਨਾਲ ਤਿਆਰ ਕੀਤੀ ਜਾਂਦੀ ਨਿਰਪੱਖਤਾ ਲਈ ਲਗਾਤਾਰ ਸੁਧਾਰ ਸਬੰਧੀ NRCS ਦੇ ਪਲਾਨ

3.1a NRCS, ਸਮੁੱਚੀ ਏਜੰਸੀ ਦੇ ਦਫ਼ਤਰਾਂ ਅਤੇ ਤਰਜੀਹਾਂ (ਜਲਵਾਯੂ-ਪੱਖੀ ਖੇਤੀਬਾੜੀ ਅਤੇ ਜੰਗਲੀ-ਇਲਾਕੇ, ਸ਼ਹਿਰੀ ਖੇਤੀਬਾੜੀ ਅਤੇ ਨਵੇਂ ਤੋਂ ਨਵੇਂ ਉਤਪਾਦ) ਦੀਆਂ ਡਾਟਾ ਸਬੰਧੀ ਅਥਾੱਰਿਟੀ ਦੀਆਂ ਕੋਸ਼ਿਸ਼ਾਂ ਨਾਲ ਤਾਲਮੇਲ ਕਰਕੇ ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ ਲਈ ਸੁਧਾਰ ਯੋਜਨਾ ਨੂੰ ਲਗਾਤਾਰ ਤਿਆਰ ਕਰਦੀ ਹੈ

ਤਰਜੀਹੀ ਕਾਰਵਾਈ 3.2: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ ਬਾਰੇ ਕੈਟਲਾੱਗ

3.2a ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਡਾਟਾ ਕੈਟਲਾੱਗ ਤਿਆਰ ਕਰਨੇ, ਜਿਸ ਵਿੱਚ NRCS, FPAC ਅਤੇ USDA ਡਾਟਾ-ਸੈਟ ਅਤੇ ਸਾਧਨਾਂ ਵਿਚਕਾਰ ਹਵਾਲੇ ਅਤੇ ਸਬੰਧ ਸ਼ਾਮਿਲ ਹੁੰਦੇ ਹਨ

3.2 b ਪਹੁੰਚਯੋਗਤਾ ਅਤੇ ਵਰਤੋਂ ਨੂੰ ਵੱਧ ਤੋਂ ਵੱਧ ਕਰਨ ਲਈ NRCS ਦੇ ਨਿਖੇੜਵੇਂ ਸਾਧਨ ਅਤੇ ਢੁਕਵੇਂ ਕਾਰੋਬਾਰੀ ਸਾਧਨਾਂ ਵਿੱਚ ਨਿਰਪੱਖਤਾ ਅਤੇ ਸ਼ਮੂਲੀਅਤ ਸਬੰਧੀ ਡਾਟਾ ਬਾਰੇ ਕੈਟਲਾੱਗ ਸ਼ਾਮਿਲ ਕਰਨਾ

3.2 c ਅਸਾਨੀ ਨਾਲ ਉਪਲਬਧ ਪਲੈਟਫ਼ਾਰਮ ਨਾਲ ਰਾਸ਼ਟਰੀ, ਇਲਾਕਾਈ ਅਤੇ ਸਟੇਟ ਪੱਧਰ 'ਤੇ ਡਾਟਾ ਕੈਟਲਾੱਗ ਸਬੰਧੀ ਸਿਖਲਾਈਆਂ ਦਾ ਪ੍ਰਬੰਧ ਕਰਨਾ

ਤਰਜੀਹੀ ਕਾਰਵਾਈ 3.3: ਨਿਰਪੱਖਤਾ ਦੇ ਟੀਚਿਆਂ ਅਤੇ ਉਦੇਸ਼ਾਂ ਅਨੁਸਾਰ ਤਰੱਕੀ ਅਤੇ ਨਤੀਜਿਆਂ 'ਤੇ ਨਜ਼ਰ ਰੱਖਣ ਲਈ NRCS ਦੇ ਮਿਆਰ ਕਾਇਮ ਕਰਨੇ

3.3 a NRCS ਦੇ ਵੱਡੇ ਪ੍ਰੋਗਰਾਮਾਂ ਲਈ 3-ਤੋਂ-5 ਸਾਲ ਦੇ ਨਿਰਪੱਖਤਾ ਸਬੰਧੀ ਟੀਚਿਆਂ ਦੀ ਪਛਾਣ ਕਰਨੀ ਅਤੇ ਤਰੱਕੀ ਅਤੇ ਨਤੀਜਿਆਂ 'ਤੇ ਨਜ਼ਰ ਰੱਖਣ ਲਈ ਮਿਆਰ ਕਾਇਮ ਕਰਨੇ

3.3 b ਨਿਰਪੱਖਤਾ ਸਬੰਧੀ ਮਿਆਰਾਂ 'ਤੇ ਨਜ਼ਰ ਰੱਖਣ ਅਤੇ ਰਿਪੋਰਟ ਕਰਨ ਲਈ ਡਾਟਾ ਵਿਜ਼ੁਲਾਈਜ਼ੇਸ਼ਨ ਅਤੇ ਮੀਡੀਆ ਦੀ ਰਿਪੋਰਟਿੰਗ (ਜਿਵੇਂ ਅੰਦਰੂਨੀ ਅਤੇ ਲੋਕਾਂ ਨੂੰ ਨਜ਼ਰ ਆਉਣ ਵਾਲ਼ੇ ਡੈਸ਼ਬੋਰਡ) ਦੀ ਵਰਤੋਂ ਕਰਨੀ

4 ਯੋਜਨਾਬੱਧ ਟੀਚਾ 4: ਨਿਰਪੱਖਤਾ ਅਤੇ ਸਮੂਲੀਅਤ ਸਬੰਧੀ ਭਾਈਵਾਲੀ

ਨਿਰਪੱਖਤਾ ਨੂੰ ਅੱਗੇ ਵਧਾਉਣ ਦੀ ਕਾਮਯਾਬੀ ਅਤੇ NRCS ਦੇ ਪ੍ਰੋਗਰਾਮਾਂ, ਪਾਲਿਸੀਆਂ ਅਤੇ ਸੇਵਾਵਾਂ ਵਿਚਲੀਆਂ ਨਾਬਰਾਬਰੀਆਂ ਦੂਰ ਕਰਨ ਲਈ ਅੰਦਰੂਨੀ ਅਤੇ ਬਾਹਰੀ ਭਾਈਵਾਲਾਂ, ਹਿੱਤਧਾਰਕਾਂ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਮਿਲਵਰਤਨ ਸਭ ਤੋਂ ਵਧੀਆ ਹੈ। ਤਬਦੀਲੀ ਦੀ ਲੋੜ ਇਹ ਹੈ ਕਿ ਨਾਬਰਾਬਰੀਆਂ ਨੂੰ ਦਰੁਸਤ ਕਰਨ ਦਾ ਫ਼ੈਸਲਾ ਕਰਨ ਦੇ ਕੇਂਦਰ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਨ ਵਾਲ਼ੇ ਲੋਕ ਹੋਣ, ਨਾਕਿ ਮਾਹਿਰ ਉਹਨਾਂ ਲਈ ਫ਼ੈਸਲਾ ਲੈਣ। ਸਥਾਨਕ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲ਼ਿਆਂ, ਇਲਾਕਾਈ ਅਤੇ ਰਾਸ਼ਟਰੀ ਨਿਰਪੱਖਤਾ ਨਾਲ ਜੁੜਿਆ ਕੰਮ ਵਿਹਾਰਕ ਹੈ, ਨਿਰਪੱਖਤਾ ਹਾਸਿਲ ਕਰਨ ਲਈ ਭਾਈਵਾਲੀ, ਐਸੋਸੀਏਸ਼ਨ, ਗਠਜੋੜ ਅਤੇ ਭਾਈਚਾਰਿਆਂ ਨਾਲ ਮਿਲਵਰਤਨ ਦੀ ਲੋੜ ਪੈਂਦੀ ਹੈ।

ਯੋਜਨਾਬੱਧ ਟੀਚਾ 4 ਦੀਆਂ ਛੇ ਤਰਜੀਹੀ ਕਾਰਵਾਈਆਂ ਹਨ:

4.1 NRCS ਦੇ ਭਾਈਵਾਲਾਂ, ਹਿੱਤਧਾਰਕਾਂ, ਕਬਾਇਲੀ ਯੂਨਿਟਾਂ, ਭਾਈਚਾਰੇ ਵਿਚਲੀਆਂ ਜੱਥੇਬੰਦੀਆਂ ਅਤੇ ਰਾਸ਼ਟਰੀ, ਇਲਾਕਾਈ, ਸਟੇਟ ਅਤੇ ਸਥਾਨਕ ਪੱਧਰਾਂ 'ਤੇ ਹੋਰ ਅਤਿ-ਪੱਛੜੇ ਭਾਈਚਾਰਿਆਂ ਅਤੇ ਸਬੰਧਿਤ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ ਦਾ ਪਤਾ ਲਾਉਣਾ ਅਤੇ ਉਹਨਾਂ ਬਾਰੇ ਦੱਸਣਾ

4.2 *NRCS ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ* ਨਾਲ ਸੇਧ ਮਿਲਾਉਣ ਲਈ ਸਟੇਟ ਅਤੇ ਇਲਾਕਾਈ ਖੇਤਰ ਦੇ 3-ਤੋਂ-5 ਸਾਲ ਦੇ ਪ੍ਰੋਗਰਾਮ ਆਉਟਰੀਚ ਪਲਾਨ ਤਿਆਰ ਕਰਨੇ ਅਤੇ ਨਿਗਰਾਨੀ ਕਰਨੀ

4.3 ਅਸਰ ਸਾਂਝੇ ਕਰਨ ਲਈ ਫ਼ੈਸਲੇ ਕਰਨ ਦੇ ਪੱਧਰ 'ਤੇ ਭਾਈਵਾਲਾਂ, ਹਿੱਤਧਾਰਕਾਂ, ਅਤਿ-ਪੱਛੜੇ ਭਾਈਚਾਰਿਆਂ ਅਤੇ ਕਬਾਇਲੀ ਨੁਮਾਇੰਦਿਆਂ ਨੂੰ ਸ਼ਾਮਿਲ ਕਰਨਾ

4.4 NRCS ਦੀ ਜੱਥੇਬੰਦਕ ਸਮਰੱਥਾ ਦੇ ਅੰਦਰ ਨਿਰਪੱਖਤਾ ਅਤੇ ਸ਼ਮੂਲੀਅਤ ਬਾਰੇ ਹਿੱਸੇਦਾਰਾਂ ਅਤੇ ਹਿੱਤਧਾਰਕਾਂ ਦੀ ਜਾਗਰੂਕਤਾ ਵਧਾਉਣੀ ਅਤੇ ਸਪਸ਼ਟ ਅਤੇ ਭਰੋਸੇਮੰਦ ਸਮਝ ਵਧਾਉਣੀ

4.5 NRCS ਦੀਆਂ ਗ੍ਰਾਂਟਾਂ, ਸਮਝੌਤਿਆਂ ਅਤੇ ਇਕਰਾਰਨਾਮਿਆਂ ਵਿੱਚ ਨਿਰਪੱਖਤਾ ਵਧਾਉਣੀ

4.6 ਅਤਿ-ਪੱਛੜੇ ਭਾਈਚਾਰਿਆਂ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਾਉਣ ਲਈ ਬਹੁ-ਪੱਖੀ ਨਜ਼ਰੀਆ – ਤਕਨੀਕੀ ਸੇਵਾ ਪ੍ਰੋਵਾਈਡਰਾਂ (TSP) ਸਬੰਧੀ ਪ੍ਰੋਗਰਾਮ

ਯੋਜਨਾਬੱਧ ਟੀਚਾ 4: ਨਿਰਪੱਖਤਾ ਅਤੇ ਸ਼ਮੂਲੀਅਤ ਸਬੰਧੀ ਭਾਈਵਾਲੀਆਂ • ਅਤਿ-ਪੱਛੜੇ ਭਾਈਚਾਰਿਆਂ ਨਾਲ ਢੁਕਵਾਂ ਸਹਿਯੋਗ ਇਹ ਯਕੀਨੀ ਬਣਾਉਣ ਲਈ ਅਹਿਮ ਹੈ ਕਿ ਤਬਦੀਲੀ ਦੀਆਂ ਉਹਨਾਂ ਕੋਸ਼ਿਸ਼ਾਂ ਨੂੰ ਉਹਨਾਂ ਲੋਕਾਂ ਅਤੇ ਭਾਈਚਾਰਿਆਂ ਦੇ ਅਨੁਭਵਾਂ ਅਤੇ ਪਸੰਦ ਦੀ ਨੁਮਾਇੰਦਗੀ ਰਾਹੀਂ ਦੱਸਿਆ ਜਾਂਦਾ ਹੈ। NRCS ਨਿਰਪੱਖਤਾ ਬਾਰੇ ਧਿਆਨ ਰੱਖੇਗੀ, ਕਿਉਂਕਿ ਏਜੰਸੀ ਦੇ ਸਾਰੇ ਪੱਧਰਾਂ 'ਤੇ ਭਾਈਚਾਰਿਆਂ, ਹਿੱਤਧਾਰਕਾਂ ਅਤੇ ਹੋਰਨਾਂ ਸੰਸਥਾਵਾਂ ਨਾਲ ਭਾਈਵਾਲੀ ਵਿੱਚ ਕੰਮ ਕਰਨ ਲਈ ਵਚਨਬੱਧਤਾ ਹੋਏਗੀ।

ਤਰਜੀਹੀ ਕਾਰਵਾਈ 4.1: NRCS ਦੇ ਭਾਈਵਾਲਾਂ, ਹਿੱਤਧਾਰਕਾਂ, ਕਬਾਇਲੀ ਯੂਨਿਟਾਂ, ਭਾਈਚਾਰੇ ਵਿਚਲੀਆਂ ਜੱਥੇਬੰਦੀਆਂ ਅਤੇ ਰਾਸ਼ਟਰੀ, ਇਲਾਕਾਈ, ਸਟੇਟ ਅਤੇ ਸਥਾਨਕ ਪੱਧਰਾਂ 'ਤੇ ਹੋਰ ਅਤਿ-ਪੱਛੜੇ ਭਾਈਚਾਰਿਆਂ ਅਤੇ ਸਬੰਧਿਤ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ ਦਾ ਪਤਾ ਲਾਉਣਾ ਅਤੇ ਉਹਨਾਂ ਬਾਰੇ ਦੱਸਣਾ

4.1a ਉਹਨਾਂ ਭਾਈਵਾਲਾਂ ਨੂੰ ਪਛਾਣਨਾ, ਜੋ NRCS ਵਲੋਂ ਕਰਾਏ ਜਾਂਦੇ ਪ੍ਰੋਗਰਾਮਾਂ, ਸੇਵਾਵਾਂ ਅਤੇ ਤਕਨੀਕੀ ਸਹਾਇਤਾ ਦੇਣ ਦੇ ਤਰੀਕੇ ਵਿਚਲੇ ਅੜਿੱਕਿਆਂ ਅਤੇ ਨਾਬਰਾਬਰੀਆਂ ਨੂੰ ਪਛਾਣਨ ਅਤੇ ਖ਼ਤਮ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ।

4.1b ਸੰਸਥਾਗਤ ਨਿਰਪੱਖਤਾ ਸਬੰਧੀ ਇੱਕ ਨਾਲੋਂ ਵੱਧ ਕੰਮ ਅਤੇ ਆਪਸੀ ਤੌਰ 'ਤੇ ਮਜ਼ਬੂਤ ਕਰਨ ਸਬੰਧੀ ਕਾਰਵਾਈਆਂ, ਅੰਦਰੂਨੀ ਅਤੇ ਬਾਹਰੀ ਤੌਰ 'ਤੇ ਅੱਗੇ[2] ਵਧਾਉਣ ਲਈ 'ਸਮੂਹਕ ਅਸਰ' ਦੇ ਮਾੱਡਲ ਦੀ ਏਜੰਸੀ ਭਰ ਵਿੱਚ ਜਾਗਰੂਕਤਾ ਉਸਾਰਣੀ

ਤਰਜੀਹੀ ਕਾਰਵਾਈ 4.2: *NRCS ਦੀ ਨਿਰਪੱਖਤਾ ਸਬੰਧੀ* ਕਾਰਜ-ਯੋਜਨਾ ਨਾਲ ਸੇਧ ਮਿਲਾਉਣ ਲਈ ਸਟੇਟ ਅਤੇ ਇਲਾਕਾਈ ਖੇਤਰ ਦੇ 3-ਤੋਂ-5 ਸਾਲ ਦੇ ਪ੍ਰੋਗਰਾਮ ਆਉਟਰੀਚ ਪਲਾਨ ਤਿਆਰ ਕਰਨੇ ਅਤੇ ਨਿਗਰਾਨੀ ਕਰਨੀ

4.2 a ਹਰ ਇੱਕ ਸਟੇਟ ਦੇ ਦਫ਼ਤਰ ਵਲੋਂ ਨਿਰਪੱਖਤਾ ਅਤੇ ਸ਼ਮੂਲੀਅਤ ਸਬੰਧੀ ਵਿਉਂਤਬੰਦੀ ਲਈ ਉਪ-ਸੈਕਸ਼ਨ ਸ਼ਾਮਿਲ ਕਰਨ ਵਾਸਤੇ ਪ੍ਰੋਗਰਾਮ ਆਉਟਰੀਚ ਪਲਾਨ (ਮਾਲੀ ਸਾਲ 2023-2026) ਤਿਆਰ ਕਰਨਾ

4.2 b ਹਰ ਇੱਕ ਸਟੇਟ ਦੇ ਦਫ਼ਤਰ ਵਲੋਂ ਗਰੰਟੀ ਵਾਲ਼ੇ ਫ਼ਰਜ਼ ਨਿਭਾਉਣ ਵਾਲ਼ੀਆਂ ਜ਼ਿੰਮੇਵਾਰੀਆਂ ਵਾਲ਼ੇ ਆਉਟਰੀਚ ਕੋਆੱਰਡੀਨੇਟਰ ਨੂੰ ਨਿਯੁਕਤ ਕਰਨਾ ਅਤੇ ਉਸਨੂੰ ਬਣਾਈ ਰੱਖਣਾ

---

2 ਜਾੱਨ ਕੈਨੀਆ ਅਤੇ ਮਾਰਕ ਕ੍ਰੈਮਰ ਵਲੋਂ *ਸਮੂਹਕ ਅਸਰ* ਨਾਂ ਦਾ ਲੇਖ ਲਿਖਿਆ ਗਿਆ ਹੈ ਇਸ 'ਸਮੂਹਕ ਅਸਰ' ਦੇ ਮਾੱਡਲ ਨੂੰ 2011 ਦੇ ਸਟੈਨਫ਼ੋਰਡ ਸੋਸ਼ਲ ਇੰਨੋਵੇਸ਼ਨ ਰਿਵੀਊ ਵਿੱਚ ਪੇਸ਼ ਕੀਤਾ ਗਿਆ ਹੈ। ਸਮੂਹਕ ਅਸਰ ਹਾਸਿਲ ਕਰਨ ਦੇ ਬੁਨਿਆਦੀ ਹਿੱਸਿਆਂ ਵਿੱਚੋਂ ਇੱਕ "ਆਪਸੀ ਤੌਰ 'ਤੇ ਮਜ਼ਬੂਤ ਕਰਨ ਵਾਲ਼ੀਆਂ ਸਰਗਰਮੀਆਂ ਹਨ, ਜੋ ਤਜਵੀਜ਼ ਕਰਦੀਆਂ ਹਨ ਕਿ ਵੱਖ-ਵੱਖ ਹਿੱਤਧਾਰਕਾਂ ਨੂੰ ਇਕੋ ਤਰੀਕੇ ਨਾਲ ਇਕੋ ਕੰਮ ਨਹੀਂ ਕਰਨਾ ਪੈਂਦਾ, ਹਾਲਾਂਕਿ ਜੇ ਟੀਚੇ ਅਤੇ ਮਿਆਰ ਸਾਂਝੇ ਕੀਤੇ ਜਾਂਦੇ ਹਨ, ਤਾਂ ਕੰਮ ਦਾ ਅਹਿਮ ਸਮੂਹਕ ਅਸਰ ਪੈ ਸਕਦਾ ਹੈ।"

ਤਰਜੀਹੀ ਕਾਰਵਾਈ 4.3: ਅਸਰ ਸਾਂਝੇ ਕਰਨ ਲਈ ਫ਼ੈਸਲੇ ਕਰਨ ਦੇ ਪੱਧਰ 'ਤੇ ਭਾਈਵਾਲਾਂ, ਹਿੱਤਧਾਰਕਾਂ, ਅਤਿ-ਪੱਛੜੇ ਭਾਈਚਾਰਿਆਂ ਅਤੇ ਕਬਾਇਲੀ ਨੁਮਾਇੰਦਿਆਂ ਨੂੰ ਸ਼ਾਮਿਲ ਕਰਨਾ

4.3a ਪ੍ਰੋਗਰਾਮਾਂ ਅਤੇ ਪੱਖਪਾਤ ਨਾਲ ਜੁੜੇ ਮਸਲਿਆਂ ਦੀ ਵਿਉਂਤਬੰਦੀ, ਰਕਮਾਂ ਅਤੇ ਵਿਕਾਸ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਅਤਿ-ਪੱਛੜੇ ਭਾਈਚਾਰੇ ਦੇ ਆਗੂਆਂ ਨਾਲ ਸਹਿਯੋਗ ਕਰਨਾ

ਤਰਜੀਹੀ ਕਾਰਵਾਈ 4.4: NRCS ਦੀ ਜੱਥੇਬੰਦਕ ਸਮਰੱਥਾ ਦੇ ਅੰਦਰ ਨਿਰਪੱਖਤਾ ਅਤੇ ਸ਼ਮੂਲੀਅਤ ਦੀ ਸਪਸ਼ਟ ਅਤੇ ਪੱਕੀ ਸਮਝ ਬਾਰੇ ਭਾਈਵਾਲਾਂ ਅਤੇ ਹਿੱਤਧਾਰਕਾਂ ਦੀ ਜਾਗਰੂਕਤਾ ਵਧਾਉਣੀ

4.4a ਇਲਾਕਾਈ ਅਤੇ ਸਟੇਟ ਪੱਧਰਾਂ 'ਤੇ NRCS ਦੀਆਂ ਭਾਈਵਾਲ ਜੱਥੇਬੰਦੀਆਂ ਅਤੇ ਹਿੱਤਧਾਰਕਾਂ ਲਈ ਨਿਰਪੱਖਤਾ ਅਤੇ ਸ਼ਮੂਲੀਅਤ ਸਬੰਧੀ ਸਿਖਲਾਈਆਂ ਤਿਆਰ ਕਰਨੀਆਂ ਅਤੇ ਡਿਲੀਵਰ ਕਰਨ ਲਈ ਇਸ ਵਿਸ਼ੇ ਦੇ ਮਾਹਿਰਾਂ ਨਾਲ ਮਿਲਵਰਤਨ ਸਬੰਧੀ ਸਮਝੌਤਿਆਂ ਲਈ ਸਮਰਪਿਤ ਰਕਮਾਂ ਰਖਣੀਆਂ

ਤਰਜੀਹੀ ਕਾਰਵਾਈ 4.5: NRCS ਦੀਆਂ ਗ੍ਰਾਂਟਾਂ, ਸਮਝੌਤਿਆਂ ਅਤੇ ਇਕਰਾਰਨਾਮਿਆਂ ਵਿੱਚ ਨਿਰਪੱਖਤਾ ਵਧਾਉਣੀ

4.5a 21.5% ਅਤਿ-ਪੱਛੜੇ ਛੋਟੇ ਕਾਰੋਬਾਰ (SDB) ਦਾ ਠੇਕੇਦਾਰੀ ਵਾਲ਼ਾ ਟੀਚਾ ਲਾਗੂ ਕਰਨਾ ਅਤੇ ਸ਼ੁਰੂ ਕਰਨਾ[3]

4.5b ਟ੍ਰਾਈਬਲ ਠੇਕੇਦਾਰੀ: ਟ੍ਰਾਈਬਲ ਠੇਕੇਦਾਰੀ ਦੀਆਂ ਤਰਜੀਹਾਂ ਦੇ ਪਸਾਰ ਲਈ ਸਮਝੌਤਿਆਂ, ਅਖ਼ਤਿਆਰੀ ਕਾਨੂੰਨਾਂ ਅਤੇ ਨੇਮਾਂ ਦੇ USDA ਜਾਇਜ਼ੇ ਵਿੱਚ ਹਿੱਸਾ ਲੈਣਾ[3]

4.5c ਠੇਕੇਦਾਰੀ ਨਾਲ ਜੁੜੇ ਮੌਕਿਆਂ ਤੱਕ ਪਹੁੰਚ ਨੂੰ ਹੋਰ ਅਸਾਨੀ ਨਾਲ ਉਪਲਬਧ ਕਰਾਉਣ ਅਤੇ ਢੁਕਵਾਂ ਬਣਾਉਣ ਲਈ GSA ਦੇ ਅੰਦਾਜ਼ਾ ਲਾਉਣ ਵਾਲ਼ੇ ਸਾਧਨ ਅਤੇ USDA ਦੇ ਛੋਟੇ ਕਾਰੋਬਾਰਾਂ ਬਾਰੇ ਲੈਂਡਿੰਗ ਪੇਜ (http://www.usda.gov/smallbiz) ਦੀ ਵਰਤੋਂ ਕਰਕੇ SDBs ਤੱਕ ਆਉਟਰੀਚ ਨੂੰ ਮਿੱਥਣਾ[3]

4.5d NRCS ਦੀਆਂ ਸਾਰੀਆਂ ਗ੍ਰਾਂਟਾਂ, ਸਮਝੌਤਿਆਂ ਅਤੇ ਠੇਕੇਦਾਰੀ ਯੂਨਿਟਾਂ ਨੂੰ ਉਹਨਾਂ ਦੀ ਖ਼ਰੀਦ ਸਬੰਧੀ ਆਉਟਰੀਚ ਅਤੇ ਕੋਈ ਹੋਰ ਕੰਪਨੀ ਖ਼ਰੀਦਣ ਦੇ ਤਰੀਕੇ ਲੋੜੀਂਦੇ ਹਨ।

4.5e ਨਵੀਂ ਪ੍ਰੋਗਰਾਮਿੰਗ ਰਾਹੀਂ ARPA ਦੇ ਸੈਕਸ਼ਨ 1006 ਤੋਂ ਨਵੇਂ, ਇਕਮੁਸ਼ਤ USDA ਫ਼ੰਡ ਲਾਉਣ ਲਈ ਲੋੜ ਅਨੁਸਾਰ ਹਿੱਸਾ ਲੈਣਾ, ਜਿਹੜੇ ਫ਼ੰਡ ਖ਼ਾਸ ਤੌਰ 'ਤੇ USDA ਦੀਆਂ ਮੌਜੂਦਾ ਕਮੀਆਂ-ਪੇਸ਼ੀਆਂ ਦੂਰ ਕਰਨ ਅਤੇ ਹਿੱਤਧਾਰਕਾਂ ਵਲੋਂ ਪ੍ਰਗਟਾਈਆਂ ਗਈਆਂ ਖ਼ਾਸ, ਅਧੂਰੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤਿਆਰ ਕੀਤੇ ਗਏ ਹਨ[3]

ਤਰਜੀਹੀ ਕਾਰਵਾਈ 4.6: ਅਤਿ-ਪੱਛੜੇ ਭਾਈਚਾਰਿਆਂ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਾਉਣ ਲਈ ਬਹੁ-ਪੱਖੀ ਨਜ਼ਰੀਆ – ਤਕਨੀਕੀ ਸੇਵਾ ਪ੍ਰੋਵਾਈਡਰਾਂ (TSP) ਸਬੰਧੀ ਪ੍ਰੋਗਰਾਮ

4.6a ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਕਾਸ਼ਤਕਾਰਾਂ (ਸਟੇਟ ਪ੍ਰੋਗਰਾਮ ਆਉਟਰੀਚ ਪਲਾਨ) ਨੂੰ ਸੰਭਾਲ ਬਾਰੇ ਤਕਨੀਕੀ ਸਹਾਇਤਾ ਦੇਣ ਲਈ ਸਮਰਪਿਤ ਪ੍ਰੋਵਾਈਡਰਾਂ ਦੀ TSP ਪ੍ਰੋਗਰਾਮ ਸ਼ਮੂਲੀਅਤ ਵਧਾਉਣੀ) – ਏਜੰਸੀ ਦਾ ਰਾਸ਼ਟਰੀ ਟੀਚਾ 5%

4.6b ਆਉਟਰੀਚ ਅਤੇ ਮਾਰਕੀਟਿੰਗ ਕੋਸ਼ਿਸ਼ਾਂ ਲਈ TSP ਪ੍ਰੋਗਰਾਮ ਲਈ ਰਕਮਾਂ ਲਾਉਣੀਆਂ

> “ਸਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵੰਨ-ਸੁਵੰਨਤਾ ਇੱਕ ਬਿਹਤਰੀਨ ਸਮਾਜ ਸਿਰਜਦੀ ਹੈ ਅਤੇ ਸਾਨੂੰ ਇਹ ਗੱਲ ਜ਼ਰੂਰ ਸਮਝਣੀ ਚਾਹੀਦੀ ਹੈ ਕਿ ਇਸ ਸਮਾਜ ਵਿਚਲੇ ਸਾਰੇ ਲੋਕਾਂ ਦੀ ਇੱਕੋ ਜਿਹੀ ਅਹਿਮੀਅਤ ਹੈ, ਇਹ ਗੱਲ ਕੋਈ ਮਾਅਨੀ ਨਹੀਂ ਰੱਖਦੀ ਕਿ ਉਹਨਾਂ ਦਾ ਰੰਗ ਕੀ ਹੈ।”
>
> *- ਮਾਯਾ ਐਂਜੲਲੋ (Maya Angelou)*

[3] ਖ਼ਾਸ ਤੌਰ 'ਤੇ USDA ਦੀ ਨਿਰਪੱਖਤਾ ਸਬੰਧੀ ਕਾਰਜ-ਯੋਜਨਾ ਦੇ ਟੀਚੇ ਨਾਲ ਸੇਧ ਵਿੱਚ ਮਿਲਾਉਣੀ

5 ਯੋਜਨਾਬੱਧ ਟੀਚਾ 5: ਨਿਰਪੱਖਤਾ ਨੂੰ ਸ਼ੁਰੂ ਕਰਨਾ

NRCS ਦੇ ਕੰਮ ਅਤੇ ਸੇਵਾਵਾਂ - ਨਿਜੀ, ਟੀਮ ਅਤੇ ਸੰਸਥਾਗਤ ਦੇ ਹਰ ਪੜਾਅ ਵਿੱਚ ਨਿਰਪੱਖਤਾ ਅਤੇ ਸ਼ਮੂਲੀਅਤ ਜ਼ਰੂਰ ਸ਼ਾਮਿਲ ਹੋਣੀ ਚਾਹੀਦੀ ਹੈ। ਤਬਦੀਲੀ ਦਾ ਪ੍ਰਬੰਧ ਕਰਨ ਅਤੇ ਤਬਦੀਲੀ ਲਈ ਹਿਮਾਇਤ ਬਣਾਈ ਰੱਖਣ ਲਈ ਲਗਾਤਾਰ ਰਣਨੀਤੀ ਸਬੰਧੀ ਸੋਚ ਅਤੇ ਫ਼ੈਸਲੇ ਲੈਣੇ ਪੈਂਦੇ ਹਨ। NRCS ਨੂੰ ਬਦਲਣ ਵਾਲੇ ਅਤੇ ਬਦਲਵੇਂ ਢਾਂਚੇ ਤਿਆਰ ਕਰਨ ਵਾਲੇ ਅਮਲਾਂ ਰਾਹੀਂ ਤਬਦੀਲੀ ਦੀ ਦਿਸ਼ਾ ਵਿੱਚ ਲੈਣ-ਦੇਣ ਸਬੰਧੀ ਉਸ ਨਜ਼ਰੀਏ ਤੋਂ ਅੱਗੇ ਵਧਣਾ ਚਾਹੀਦਾ ਹੈ, ਜੋ ਨਿਰਪੱਖਤਾ ਦੀ ਰਾਹ ਵਿੱਚ ਅੜਿੱਕੇ ਬਣ ਸਕਦੇ ਹਨ। ਨਿਰਪੱਖਤਾ ਦੀਆਂ ਪ੍ਰਾਪਤੀਆਂ ਲਈ ਅੰਦਰੂਨੀ ਤੌਰ 'ਤੇ ਫ਼ੈਰੀ ਦੇ ਨਾਲ ਹੀ ਸਪਸ਼ਟ ਗੱਲਬਾਤ ਅਤੇ ਜੱਥੇਬੰਦੀ ਦੀ ਜਾਣਕਾਰੀ ਅਤੇ ਅਨੁਭਵ ਵਿੱਚ ਰਣਨੀਤੀਆਂ ਦੀ ਇੱਕ ਸ਼ਿੱਦਤ ਵਾਲ਼ੀ ਨਿਰੰਤਰਤਾ ਦੀ ਲੋੜ ਪੈਂਦੀ ਹੈ।

ਯੋਜਨਾਬੱਧ ਟੀਚਾ 5 ਦੀਆਂ ਚਾਰ ਤਰਜੀਹੀ ਕਾਰਵਾਈਆਂ ਹਨ:

5.1 ਵੰਨ-ਸੁਵੰਨਾ ਕਿਰਤ-ਬਲ ਰੱਖਕੇ ਨਿਰਪੱਖਤਾ ਵਧਾਉਣੀ

5.2 ਸਟੇਟ ਦੀਆਂ ਤਕਨੀਕੀ ਕਮੇਟੀਆਂ ਅਤੇ ਮਿੱਟੀ ਅਤੇ ਪਾਣੀ ਦੀ ਸੰਭਾਲ ਬਾਰੇ ਜ਼ਿਲ੍ਹਾ ਬੋਰਡਾਂ ਵਿੱਚ ਵੰਨ-ਸੁਵੰਨਤਾ ਨੂੰ ਉਤਸਾਹ ਦੇਣਾ

5.3 ਅਬਾਦੀ ਦੇ ਜਨ-ਅੰਕੜਿਆਂ ਸਬੰਧੀ ਪ੍ਰੋਗਰਾਮ ਦੀ ਹਿੱਸੇਦਾਰੀ ਦੀ ਬਰਾਬਰੀ ਦੇ ਪੱਧਰ ਪੂਰੇ ਕਰਨੇ

5.4 ਕਾਰੋਬਾਰੀ ਅਮਲ ਬਿਹਤਰ ਬਣਾਉਣ ਅਤੇ ਗਾਹਕਾਂ ਲਈ ਗੱਲਬਾਤ ਸਬੰਧੀ ਅੜਿੱਕੇ ਖ਼ਤਮ ਕਰਨ ਲਈ ਤਕਨੀਕੀ ਵਾਧੇ ਲਾਗੂ ਕਰਨੇ

ਯੋਜਨਾਬੱਧ ਟੀਚਾ 5: ਨਿਰਪੱਖਤਾ ਨੂੰ ਸ਼ੁਰੂ ਕਰਨਾ NRCS ਸੰਭਾਲ ਸਬੰਧੀ ਪ੍ਰੋਗਰਾਮਾਂ, ਕਾਰਜਾਂ ਅਤੇ ਸੇਵਾਵਾਂ ਵਿੱਚ ਨਿਰਪੱਖਤਾ ਦੀਆਂ ਕਦਰਾਂ-ਕੀਮਤਾਂ ਸ਼ਾਮਿਲ ਕਰਨਾ ਚਾਹੁੰਦੀ ਹੈ। ਅੰਦਰੂਨੀ ਤੌਰ 'ਤੇ ਨਿਰਪੱਖਤਾ ਨੂੰ ਉਤਸਾਹ ਦੇਣ ਵਿੱਚ ਸਟਾਫ਼ ਦੇ ਨਾਲ ਹੀ ਆਗੂ ਦੀ ਵੀ ਅਹਿਮੀਅਤ ਹੁੰਦੀ ਹੈ, ਜਿਵੇਂ ਕਿ ਕਾਰਵਾਈਆਂ ਰਾਹੀਂ ਹੁੰਦਾ ਹੈ, ਜਿਹਨਾਂ ਰਾਹੀਂ ਗਾਹਕ, ਮੁਲਾਜ਼ਮਾਂ ਨਾਲ ਕੰਮ ਕਰਦੇ ਹਨ ਅਤੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਸ਼ਾਮਿਲ ਹੁੰਦੇ ਹਨ।

ਤਰਜੀਹੀ ਕਾਰਵਾਈ 5.1: ਵੰਨ-ਸੁਵੰਨਾ ਕਿਰਤ-ਬਲ ਰੱਖਕੇ ਨਿਰਪੱਖਤਾ ਵਧਾਉਣੀ

5.1 a ਜੱਥੇਬੰਦੀ ਦੇ ਸਾਰੇ ਪੱਧਰਾਂ 'ਤੇ ਵੰਨ-ਸੁਵੰਨਾ ਸਟਾਫ਼ ਭਰਤੀ ਕਰਨਾ ਅਤੇ ਕੰਮ 'ਤੇ ਰੱਖਣਾ

5.2 b ਸਿਵਿਲੀਅਨ ਕਿਰਤ-ਬਲ ਰਾਹੀਂ ਪਛਾਣੇ ਗਏ ਬਰਾਬਰੀ ਦੇ ਪੱਧਰਾਂ ਨੂੰ ਪੂਰਾ ਕਰਨਾ

ਤਰਜੀਹੀ ਕਾਰਵਾਈ 5.2: ਸਟੇਟ ਦੀਆਂ ਤਕਨੀਕੀ ਕਮੇਟੀਆਂ ਅਤੇ ਮਿੱਟੀ ਅਤੇ ਪਾਣੀ ਦੀ ਸੰਭਾਲ ਬਾਰੇ ਜ਼ਿਲ੍ਹਾ ਬੋਰਡਾਂ ਵਿੱਚ ਵੰਨ-ਸੁਵੰਨਤਾ ਨੂੰ ਉਤਸਾਹ ਦੇਣਾ

5.2 a ਸਟੇਟ ਦੀਆਂ ਤਕਨੀਕੀ ਕਮੇਟੀਆਂ ਅਤੇ ਮਿੱਟੀ ਅਤੇ ਪਾਣੀ ਦੀ ਸੰਭਾਲ ਬਾਰੇ ਜ਼ਿਲ੍ਹਾ ਬੋਰਡਾਂ ਵਿੱਚ ਘੱਟੋ-ਘੱਟ 10% ਤੱਕ ਵੰਨ-ਸੁਵੰਨਤਾ ਵਧਾਉਣੀ

5.2 b ਕਮੇਟੀਆਂ ਦੀ ਅਤੇ ਬੋਰਡਾਂ ਦੀ ਵੰਨ-ਸੁਵੰਨਤਾ ਵਧਾਉਣ ਲਈ ਸਥਾਨਕ ਆਉਟਰੀਚ ਕੋਸ਼ਿਸ਼ਾਂ ਅਤੇ ਟੀਚਿਆਂ ਦਾ ਪਤਾ ਲਾਉਣਾ (ਸਟੇਟ ਦੇ ਪ੍ਰੋਗਰਾਮ ਸਬੰਧੀ ਆਉਟਰੀਚ ਪਲਾਨ)

ਤਰਜੀਹੀ ਕਾਰਵਾਈ 5.3: ਨਾਬਰਾਬਰੀਆਂ ਖ਼ਤਮ ਕਰਨ ਲਈ ਅਬਾਦੀ ਦੇ ਜਨ-ਅੰਕੜਿਆਂ ਸਬੰਧੀ ਪ੍ਰੋਗਰਾਮ ਦੀ ਹਿੱਸੇਦਾਰੀ ਦੀ ਬਰਾਬਰੀ ਦੇ ਪੱਧਰ ਪੂਰੇ ਕਰਨੇ

5.3 a ਅਤਿ-ਪੱਛੜੇ ਕਾਸ਼ਤਕਾਰਾਂ ਅਤੇ ਭਾਈਚਾਰਿਆਂ ਲਈ ਪ੍ਰੋਗਰਾਮ ਆਉਟਰੀਚ ਦੇ ਟੀਚੇ ਕਰਨ ਲਈ ਲੋੜ ਅਨੁਸਾਰ ਖੇਤੀਬਾੜੀ ਦੀ NASS ਮਰਦਮਸ਼ੁਮਾਰੀ, ਅਮਰੀਕੀ ਮਰਦਮਸ਼ੁਮਾਰੀ ਬਿਊਰੋ ਅਤੇ ਹੋਰ ਸਰੋਤਾਂ ਤੋਂ ਡਾਟਾ ਲੈਣਾ

5.3 b ਸਟੇਟ ਅਤੇ ਸਥਾਨਕ ਆਉਟਰੀਚ ਅਤੇ ਨਿਰਪੱਖਤਾ ਸਬੰਧੀ ਟੀਚਿਆਂ ਦਾ ਪਤਾ ਲਾਉਣਾ (ਸਟੇਟ ਦੇ ਪ੍ਰੋਗਰਾਮ ਆਉਟਰੀਚ ਪਲਾਨ)

ਤਰਜੀਹੀ ਕਾਰਵਾਈ 5.4: ਕਾਰੋਬਾਰੀ ਅਮਲ ਬਿਹਤਰ ਬਣਾਉਣ ਅਤੇ ਗਾਹਕਾਂ ਲਈ ਗੱਲਬਾਤ ਸਬੰਧੀ ਅੜਿੱਕੇ ਖ਼ਤਮ ਕਰਨ ਲਈ ਤਕਨੀਕੀ ਵਾਧੇ ਲਾਗੂ ਕਰਨੇ

5.4 a ਪ੍ਰੋਗਰਾਮ ਦੇ ਬਿਨੇਕਾਰਾਂ ਅਤੇ ਹਿੱਸਾ ਲੈਣ ਵਾਲ਼ਿਆਂ ਨਾਲ ਗੱਲਬਾਤ ਨੂੰ ਬਿਹਤਰ ਬਣਾਉਣ ਅਤੇ ਅਰਜ਼ੀ ਦੇ ਅਮਲ ਵਿੱਚ ਪਾਰਦਰਸ਼ਿਤਾ ਵਧਾਉਣ ਲਈ ਕਾਰੋਬਾਰੀ ਸਾਧਨਾਂ ਵਿੱਚ ਸੁਧਾਰ ਕਰਨਾ ਜਾਂ ਨਵੇਂ ਸਾਧਨ (ਸਾਧਨਾਂ) ਤਿਆਰ ਕਰਨੇ[4]

5.4 b ਅੰਗ੍ਰੇਜ਼ੀ ਦੀ ਸੀਮਤ ਪ੍ਰਬੀਨਤਾ ਸਬੰਧੀ ਪ੍ਰੋਗਰਾਮ ਲਈ FPAC ਦੀ ਸਿਵਿਲ ਹੱਕਾਂ ਬਾਰੇ ਡਿਵੀਜ਼ਨ ਨਾਲ ਮਿਲਵਰਤਨ ਕਰਨੀ

4 2011 ਵਿੱਚ ਜੌਕਸਨ ਲੁਇਸ ਦੀ *ਤਕਨੀਕੀ ਅਤੇ ਮਾਲੀ ਸਹਾਇਤਾ ਦੇਣ ਬਾਰੇ ਸੁਤੰਤਰ ਮੁਲਾਂਕਣ ਦੀ ਰਿਪੋਰਟ ਦੀ* ਸਿਫ਼ਾਰਸ਼ NRCS-13 ਲਈ ਜ਼ਰੂਰੀ ਹੈ "ਅਰਜ਼ੀਆਂ 'ਤੇ ਨਜ਼ਰ ਰੱਖਣ, ਨੇਮ ਵਾਲ਼ੇ ਅਧਾਰ ਬਾਰੇ ਲਿਖਤੀ ਰੂਪ ਵਿੱਚ ਉਹਨਾਂ ਦੀ ਅਰਜ਼ੀ ਦੀ ਸਥਿਤੀ ਬਾਰੇ ਬਿਨੇਕਾਰਾਂ ਨੂੰ ਦੱਸਣ, ਗਾਹਕਾਂ ਨੂੰ ਕਾਰਣ ਦੱਸਣ ਕਿ ਉਹ ਪ੍ਰੋਗਰਾਮ ਲਈ ਢੁਕਵੇਂ ਕਿਉਂ ਨਹੀਂ ਹਨ ਜਾਂ ਉਹਨਾਂ ਨੂੰ ਰਕਮਾਂ ਨਹੀਂ ਮਿਲਣੀਆਂ ਅਤੇ ਭਵਿੱਖ ਦੀਆਂ ਅਰਜ਼ੀਆਂ ਲਈ ਸੇਧ ਮੁਹੱਈਆ ਕਰਾਉਣ ਵਾਸਤੇ ਹਰ ਫ਼ੀਲਡ ਦਫ਼ਤਰ ਵਿੱਚ ਇੱਕ ਢੁਕਵਾਂ ਪ੍ਰੋਟੋਕਾਲ ਤਿਆਰ ਅਤੇ ਲਾਗੂ ਕਰਨਾ ਚਾਹੀਦਾ ਹੈ।"

ਮਾਲੀ ਸਾਲ 2022 ਲਈ ਪ੍ਰਾਪਤੀਆਂ ਦਾ ਸਾਰ - ਨਿਰਪੱਖਤਾ ਨੂੰ ਅੱਗੇ ਵਧਾਉਣਾ

ਮਾਲੀ ਸਾਲ 2022 ਦੌਰਾਨ, NRCS ਨੇ ਹੇਠਾਂ ਦਿੱਤੀਆਂ ਯੋਜਨਾਬੱਧ ਕਾਰਵਾਈਆਂ ਸਮੇਤ ਨਿਰਪੱਖਤਾ ਨੂੰ ਅੱਗੇ ਵਧਾਉਣ ਅਤੇ ਏਜੰਸੀ ਵਿੱਚ ਹੋਰ ਤਬਦੀਲੀ ਕਰਨ ਲਈ ਕੰਮ ਕੀਤਾ।

ਜੱਥੇਬੰਦਕ ਸਮਰੱਥਾ – ਸਰਵਿਸ ਸੈਂਟਰ ਸਟਾਫ਼ ਦੇ ਚੀਫ਼ ਦਾ ਸੁਨੇਹਾ, NRCS ਨੇ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਏਜੰਸੀ ਦੇ ਕਾਰਜਾਂ ਵਿੱਚ ਵਚਨਬੱਧਤਾ ਦਾ ਮੁਜ਼ਾਹਰਾ ਕੀਤਾ ਹੈ, ਇਸ ਵਚਨਬੱਧਤਾ ਨੇ ਜਾਗਰੂਕਤਾ ਨੂੰ ਅੱਗੇ ਵਧਾਇਆ ਅਤੇ ਨਿਰਪੱਖਤਾ ਲਈ ਸਮਰੱਥਾ ਸਿਰਜੀ ਹੈ।

NRCS ਦੀ ਨਿਰਪੱਖਤਾ ਡਿਵੀਜ਼ਨ – ਅਕਤੂਬਰ 2021 ਵਿੱਚ, ਚੀਫ਼ ਕੌਸਬੀ ਨੇ NRCS ਦੀ ਪਹਿਲੀ ਨਿਰਪੱਖਤਾ ਡਿਵੀਜ਼ਨ ਦੀ ਸਥਾਪਨਾ ਕੀਤੀ ਸੀ। ਡਿਵੀਜ਼ਨ ਦੀ ਸ਼ੁਰੂਆਤ ਕਰਨ ਤੋਂ ਬਾਅਦ ਚੀਫ਼ ਨੇ ਨਿਰਪੱਖਤਾ ਡਿਵੀਜ਼ਨ ਦੇ ਸਥਾਈ ਡਾਇਰੈਕਟਰ ਵਿਵੀਅਨ ਡਿਕਸਨ ਅਤੇ ਦੋ ਪੱਕੇ ਮੁਲਾਜ਼ਮਾਂ ਨੂੰ ਕੰਮ 'ਤੇ ਰਖਿਆ ਹੈ। ਨਿਰਪੱਖਤਾ ਡਿਵੀਜ਼ਨ ਵਿੱਚ ਛੇਤੀ ਹੀ ਛੇ ਤੋਂ ਅੱਠ ਪੱਕੇ, ਪੂਰੇ ਸਮੇਂ ਦੇ ਮੁਲਾਜ਼ਮਾਂ ਵਾਲ਼ਾ ਸਟਾਫ਼ ਹੋਏਗਾ। ਨਿਰਪੱਖਤਾ ਡਿਵੀਜ਼ਨ ਕਾਇਮ ਕਰਕੇ NRCS ਏਜੰਸੀ ਨਿਰਪੱਖਤਾ ਸਬੰਧੀ ਪ੍ਰੋਗਰਾਮ ਦੀਆਂ ਜ਼ਿੰਮੇਵਾਰੀਆਂ ਦਾ ਪ੍ਰਬੰਧ ਕਰਨ ਸਮਰਪਿਤ ਲਈ ਚੋਖੇ ਸਰੋਤ ਮੁਹੱਈਆ ਕਰਾਉਣ ਵਾਸਤੇ ਵਿਭਾਗ ਦੀਆਂ ਜ਼ਰੂਰਤਾਂ ਪੂਰੀਆਂ ਕਰ ਰਹੀ ਹੈ।

NRCS ਦੀ ਨਿਰਪੱਖਤਾ ਸਬੰਧੀ ਪਾੱਲਿਸੀ ਦੀ ਸਟੇਟਮੈਂਟ – ਚੀਫ਼ ਕੌਸਬੀ ਨੇ ਇਸ 'ਤੇ ਦਸਤਖ਼ਤ ਕੀਤੇ ਹਨ ਅਤੇ ਇਸ ਨੂੰ NRCS ਦੇ ਸਾਰੇ ਮੁਲਾਜ਼ਮਾਂ ਤੱਕ ਪਹੁੰਚਾਇਆ ਗਿਆ ਹੈ, NRCS ਦੀ ਨਿਰਪੱਖਤਾ ਨੂੰ ਅੱਗੇ ਵਧਾਉਣ ਬਾਰੇ ਪਾੱਲਿਸੀ ਸਟੇਟਮੈਂਟ ਦਾ ਉਦੇਸ਼ ਪ੍ਰਬੰਧਕੀ ਆਦੇਸ਼ 13985, "ਫ਼ੈਡਰਲ ਸਰਕਾਰ ਰਾਹੀਂ ਅਤਿ-ਪੱਛੜੇ ਭਾਈਚਾਰਿਆਂ ਲਈ ਨਸਲੀ ਨਿਰਪੱਖਤਾ ਅਤੇ ਸਹਾਇਤਾ ਨੂੰ ਅੱਗੇ ਵਧਾਉਣ" ਦੇ ਪ੍ਰਬੰਧਾਂ ਨੂੰ ਏਜੰਸੀ ਦੀ ਵਚਨਬੱਧਤਾ ਅਤੇ ਸਹਾਇਤਾ ਦੀ ਪੁਸ਼ਟੀ ਕਰਨਾ ਅਤੇ ਉਜਾਗਰ ਕਰਨਾ ਹੈ। ਪਾੱਲਿਸੀ ਸਟੇਟਮੈਂਟ NRCS ਵਿੱਚ ਨਿਰਪੱਖਤਾ ਨੂੰ ਅੱਗੇ ਵਧਾਉਣ ਦੇ ਚੈਂਪੀਅਨ ਵਜੋਂ ਚੀਫ਼ ਦੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੀ ਹੈ। ਪਬਲਿਕ ਨੋਟੀਫ਼ਿਕੇਸ਼ਨ ਸਬੰਧੀ ਸ਼ਰਤਾਂ ਲਈ ਵਿਭਾਗੀ ਨੇਮ ਅਨੁਸਾਰ, ਪਾੱਲਿਸੀ ਸਟੇਟਮੈਂਟ ਲੋਕਾਂ ਅਤੇ USDA-NRCS ਦੇ ਮੁਲਾਜ਼ਮਾਂ ਨੂੰ NRCS ਦੀ ਨਿਰਪੱਖਤਾ ਸਬੰਧੀ ਪਾੱਲਿਸੀ ਦੇ ਉਸਾਰੂ ਅਤੇ ਲਗਾਤਾਰ ਨੋਟੀਫ਼ਿਕੇਸ਼ਨ ਦਿੱਤੇ ਜਾਣ ਨੂੰ ਯਕੀਨੀ ਬਣਾਉਂਦੀ ਹੈ। NRCS ਦੇ ਸਾਰੇ ਦਫ਼ਤਰਾਂ ਵਿੱਚ ਇਸ ਪਾੱਲਿਸੀ ਸਟੇਟਮੈਂਟ ਨੂੰ ਖ਼ਾਸ ਤੌਰ 'ਤੇ ਅਤੇ ਚੰਗੀ ਤਰ੍ਹਾਂ ਨਜ਼ਰ ਆਉਣ ਵਾਲ਼ੀ ਥਾਂ (ਮਦਦ ਚਾਹੁਣ ਵਾਲ਼ੇ ਲੋਕਾਂ ਨੂੰ ਸਾਫ਼ ਤੌਰ 'ਤੇ ਨਜ਼ਰ ਆਉਣ) 'ਤੇ ਲਾਉਣਾ ਚਾਹੀਦਾ ਹੈ ਅਤੇ ਸਥਾਨਕ ਅਬਾਦੀ ਲਈ ਇਹ ਢੁਕਵੀਂ ਭਾਸ਼ਾ (ਭਾਸ਼ਾਵਾਂ) ਵਿੱਚ ਉਪਲਬਧ ਹੋਣੀ ਚਾਹੀਦੀ ਹੈ।

NRCS ਦਾ ਨਿਰਪੱਖਤਾ ਪੋਸਟਰ – ਨਿਰਪੱਖਤਾ ਡਿਵੀਜ਼ਨ ਅਤੇ FPAC ਦੇ ਵਿਦੇਸ਼ੀ ਮਾਮਲਿਆਂ ਨੇ ਨੇਕਨੀਅਤੀ ਦੇ ਇਰਾਦੇ ਨਾਲ ਕੀਤੇ ਗਏ ਕਾਰਜ ਵਜੋਂ ਇਹ ਪੋਸਟਰ ਤਿਆਰ ਕੀਤਾ ਹੈ, ਜੋ NRCS ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਜਾਗਰੂਕਤਾ ਉਸਾਰਦਿਆਂ NRCS ਦੀ ਵਚਨਬੱਧਤਾ ਅਤੇ ਸਹਾਇਤਾ ਤੋਂ ਅੱਗੇ ਦਾ ਮੁਜ਼ਾਹਰਾ ਕਰਦਾ ਹੈ। ਪਬਲਿਕ ਨੋਟੀਫ਼ਿਕੇਸ਼ਨ ਸਬੰਧੀ ਸ਼ਰਤਾਂ ਲਈ ਵਿਭਾਗੀ ਨੇਮ ਅਨੁਸਾਰ, ਇਹ ਪੋਸਟਰ ਲੋਕਾਂ ਅਤੇ USDA-NRCS ਦੇ ਮੁਲਾਜ਼ਮਾਂ ਨੂੰ NRCS ਦੀ ਨਿਰਪੱਖਤਾ ਸਬੰਧੀ ਪਾੱਲਿਸੀ ਦੇ ਉਸਾਰੂ ਅਤੇ ਲਗਾਤਾਰ ਨੋਟੀਫ਼ਿਕੇਸ਼ਨ ਦਿੱਤੇ ਜਾਣ ਨੂੰ ਯਕੀਨੀ ਬਣਾਉਂਦਾ ਹੈ। NRCS ਦੇ ਸਾਰੇ ਦਫ਼ਤਰਾਂ ਵਿੱਚ ਇਸ ਪੋਸਟਰ ਨੂੰ ਖ਼ਾਸ ਤੌਰ 'ਤੇ ਅਤੇ ਚੰਗੀ ਤਰ੍ਹਾਂ ਨਜ਼ਰ ਆਉਣ ਵਾਲ਼ੀ ਥਾਂ (ਮਦਦ ਚਾਹੁਣ ਵਾਲ਼ੇ ਲੋਕਾਂ ਨੂੰ ਸਾਫ਼ ਤੌਰ 'ਤੇ ਨਜ਼ਰ ਆਉਣ) 'ਤੇ ਲਾਉਣਾ ਚਾਹੀਦਾ ਹੈ ਅਤੇ ਸਥਾਨਕ ਅਬਾਦੀ ਲਈ ਇਹ ਢੁਕਵੀਂ ਭਾਸ਼ਾ (ਭਾਸ਼ਾਵਾਂ) ਵਿੱਚ ਉਪਲਬਧ ਹੋਣਾ ਚਾਹੀਦਾ ਹੈ।

NRCS ਦੀ ਵੈਬ 'ਤੇ ਨਿਰਪੱਖਤਾ ਸਬੰਧੀ ਮੌਜੂਦਗੀ – ਨਿਰਪੱਖਤਾ ਬਾਰੇ ਲੈਂਡਿੰਗ ਪੇਜ ਅਤੇ ਸਬੰਧਿਤ ਪੇਜ ਅੰਦਰੂਨੀ ਅਤੇ ਬਾਹਰੀ ਗਾਹਕ ਸੇਵਾ ਬਾਰੇ ਜਾਣਕਾਰੀ ਦੇਣ ਵਾਲ਼ੇ ਸਾਧਨ ਵਜੋਂ ਕੰਮ ਕਰਦੇ ਹਨ। ਨਿਰਪੱਖਤਾ ਨੂੰ ਅੱਗੇ ਵਧਾਉਣ ਦੀ ਅਹਿਮੀਅਤ ਦਾ ਮੁਜ਼ਾਹਰਾ ਕਰਨ ਵਾਲ਼ਾ ਇੱਕ ਵੈਬਪੇਜ NRCS ਦੀ ਵੈਬਸਾਈਟ ਦੇ 'ਤਰਜੀਹਾਂ' ਸੈਕਸ਼ਨ ਹੇਠ ਹੈ। ਨਿਰਪੱਖਤਾ ਬਾਰੇ ਲੈਂਡਿੰਗ ਪੇਜ https://www.nrcs.usda.gov/about/priorities/equity 'ਤੇ ਵੇਖਿਆ ਜਾ ਸਕਦਾ ਹੈ ਅਤੇ ਇਸ 'ਤੇ ਮੁਖ ਜਾਣਕਾਰੀ, ਸਰੋਤ ਅਤੇ NRCS ਦੀ ਨਵੀਂ ਸਾਈਟ ਦਾ ਵਿਆਪਕ ਅਤੇ ਨਿਰਪੱਖਤਾ ਸਬੰਧੀ ਜ਼ੋਰਦਾਰ ਸੈਕਸ਼ਨ ਬਣਾਉਣ ਵਾਲ਼ੇ ਪੇਜਾਂ ਦੀ ਇੱਕ ਲੜੀ ਸ਼ਾਮਿਲ ਹੈ।

Justice40 ਨੂੰ ਲੋਕਾਂ ਤੱਕ ਪਹੁਚਾਉਣਾ - ਪ੍ਰਬੰਧਕੀ ਆਦੇਸ਼ 14008 ਵਿੱਚ, ਪ੍ਰੈਜ਼ੀਡੈਂਟ ਨੇ ਸੇਧ ਦੀ ਇੱਕ ਸਾਂਝੀ ਪਬਲੀਕੇਸ਼ਨ ਦਾ ਆਦੇਸ਼ ਦਿੱਤਾ ਹੈ ਕਿ ਕਿਵੇਂ ਕੁਝ ਫ਼ੈਡਰਲ ਪੂੰਜੀਆਂ ਨੂੰ ਅਤਿ-ਪੱਛੜੇ ਭਾਈਚਾਰਿਆਂ ਨੂੰ ਅੱਗੇ ਵਧਾਉਣ ਲਈ ਪੂੰਜੀ ਦੀਆਂ ਅਜਿਹੀਆਂ ਰਕਮਾਂ ਦੇ ਸਮੁੱਚੇ ਲਾਭਾਂ ਦੇ 40 ਫ਼ੀਸਦ ਹਿੱਸੇ ਨੂੰ ਉਸ ਟੀਚੇ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਹੈ।

ਪ੍ਰੋਗਰਾਮ ਲਾਗੂ ਕਰਨਾ – USDA ਦੀ ਵਿਭਾਗੀ ਅਗਵਾਈ ਅਤੇ ਨਿਯੁਕਤ ਕੀਤੀ ਗਈ ਏਜੰਸੀ ਦੇ ਨੁਮਾਇੰਦਿਆਂ ਦੇ ਸਹਿਯੋਗ ਨਾਲ NRCS ਨੇ ਮਾਲੀ ਸਾਲ 2022 ਅਤੇ 2026 ਵਿਚਕਾਰ ਏਜੰਸੀ ਦੇ ਸੰਭਾਲ ਸਬੰਧੀ 'ਘੇਰੇ ਹੇਠਲੇ' ਪ੍ਰੋਗਰਾਮਾਂ ਵਿੱਚ ਨਿਰਪੱਖਤਾ ਨੂੰ 40 ਫ਼ੀਸਦ ਤੱਕ ਅੱਗੇ ਵਧਾਉਣ ਲਈ ਇੱਕ ਵਿਆਪਕ ਨਜ਼ਰੀਏ ਲਈ Justice40 ਦੀ ਅੰਤਰਿਮ ਸੇਧ ਦੀਆਂ ਸ਼ੁਰੂਆਤੀ ਸਿਫ਼ਾਰਸ਼ਾਂ ਨੂੰ ਸਿਰੇ ਚਾੜ੍ਹਿਆ ਹੈ। 'ਘੇਰੇ ਹੇਠਲੇ' ਹਰ ਪ੍ਰੋਗਰਾਮ ਲਈ, ਲਾਗੂ ਕਰਨ ਵਾਲ਼ਾ ਪਲਾਨ:

- ਘੇਰੇ ਹੇਠਲੇ ਪ੍ਰੋਗਰਾਮ ਦੇ ਲਾਭਾਂ ਦੀ ਪਛਾਣ ਕਰਦਾ ਹੈ,
- ਇਹ ਫ਼ੈਸਲਾ ਕਰਦਾ ਹੈ ਕਿ ਘੇਰੇ ਹੇਠਲਾ ਪ੍ਰੋਗਰਾਮ ਲਾਭ ਕਿਵੇਂ ਵੰਡਦਾ ਹੈ ਅਤੇ
- Justice40 ਪਹਿਲਕਦਮੀ 40-ਫ਼ੀਸਦ ਟੀਚੇ ਤੱਕ ਪਹੁੰਚਣ ਬਾਰੇ ਹਿਸਾਬ-ਕਿਤਾਬ ਕਰਨ ਅਤੇ ਰਿਪੋਰਟ ਲਈ ਤਰੀਕਿਆਂ ਬਾਰੇ ਦੱਸਦਾ ਹੈ

NRCS Justice40 'ਘੇਰੇ ਹੇਠਲੇ' ਪ੍ਰੋਗਰਾਮਾਂ ਨੂੰ: https://www.nrcs.usda.gov/about/priorities/ equity/justice40 'ਤੇ ਵੇਖਿਆ ਜਾ ਸਕਦਾ ਹੈ

ਹਿੱਤਧਾਰਕ ਦਾ ਕਾਰਜ – NRCS ਪਿਛਲੀਆਂ ਰਿਪੋਰਟਾਂ ਅਤੇ ਹਿੱਤਧਾਰਕਾਂ ਦੀਆਂ ਸਿਫ਼ਾਰਸ਼ਾਂ ਦੀ ਮੁੜ-ਘੋਖ ਕਰਨ ਅਤੇ ਜਾਇਜ਼ਾ ਲੈਣ ਵਿੱਚ ਰੁੱਝੀ ਹੋਈ ਹੈ ਕਿ USDA Justice40 ਅਤੇ ਨਿਰਪੱਖਤਾ ਕਮਿਸ਼ਨ ਦੀਆਂ ਕੋਸ਼ਿਸ਼ਾਂ ਰਾਹੀਂ ਗਾਹਕ ਸੇਵਾ, ਸਿਵਿਲ ਹੱਕਾਂ ਅਤੇ ਨਿਰਪੱਖਤਾ ਨੂੰ ਕਿਵੇਂ ਬਿਹਤਰ ਬਣਾ ਸਕਦਾ ਹੈ। ਲੋਕਾਂ ਦੇ ਅਨੁਭਵ ਸੁਣਨ ਵਾਲੇ ਪੰਜ ਸਮਾਗਮਾਂ ਅਤੇ ਫ਼ੈਡਰਲ ਰਜਿਸਟਰ, ਜਿਸ ਵਿੱਚ ਲੋਕਾਂ ਦੀਆਂ 500 ਤੋਂ ਵੱਧ ਟਿੱਪਣੀਆਂ ਦਰਜ ਸਨ, ਵਿੱਚ ਪ੍ਰਕਾਸ਼ਿਤ ਜਾਣਕਾਰੀ ਲਈ ਬੇਨਤੀ ਰਾਹੀਂ Justice40 ਅਨੁਸਾਰ ਵਾਧੂ ਹਿੱਤਧਾਰਕ ਦੀ ਸ਼ਮੂਲੀਅਤ ਦਾ ਪ੍ਰਬੰਧ ਕੀਤਾ ਗਿਆ ਸੀ।

ਪ੍ਰੋਗਰਾਮ ਦੀ ਪਹੁੰਚ ਨੂੰ ਬਿਹਤਰ ਬਣਾਉਣਾ - ਨਿਰਪੱਖਤਾ ਨੂੰ ਅੱਗੇ ਵਧਾਉਣ ਲਈ NRCS ਦੀ ਵਚਨਬੱਧਤਾ ਅਨੁਸਾਰ, ਏਜੰਸੀ ਨੇ NRCS ਦੀ ਜਾਣਕਾਰੀ (ਪ੍ਰੋਗਰਾਮ ਦੇ ਕਾਰਜ) ਤੋਂ ਲੈਕੇ ਅਨੁਭਵ (NRCS ਦੀ ਦਰਜਾਬੰਦ ਜੱਥੇਬੰਦੀ) ਤੱਕ ਜੱਥੇਬੰਦਕ ਕਾਰਵਾਈਆਂ ਰਾਹੀਂ ਪ੍ਰੋਗਰਾਮ ਦੀ ਪਹੁੰਚ ਨੂੰ ਬਿਹਤਰ ਬਣਾਉਣ ਲਈ ਕੰਮ ਕੀਤਾ ਹੈ। ਇਹਨਾਂ ਕਾਰਵਾਈਆਂ ਵਿੱਚ ਟਾਈਟਲ 440 ਸੰਭਾਲ ਸਬੰਧੀ ਪ੍ਰੋਗਰਾਮਾਂ ਦੇ ਮੈਨੁਅਲ ਦੇ ਹਿੱਸਾ 530 (Title 440 Conservation Programs Manual Part 530) ਰਾਹੀਂ ਮੁਹੱਈਆ ਕਰਾਈ ਗਈ ਅਪਡੇਟ ਕੀਤੀ ਗਈ ਪਾੱਲਿਸੀ ਸ਼ਾਮਿਲ ਹੈ, ਜੋ ਪ੍ਰੋਗਰਾਮ ਲਾਗੂ ਕਰਨ ਵਿੱਚ ਸਟੇਟਾਂ ਨੂੰ ਹੋਰ ਸਮੁੱਚਾ ਲਚੀਲਾਪਨ ਦਿੰਦੀ ਹੈ।

ਸਟੇਟਾਂ ਖ਼ਾਸ ਸਥਿਤੀਆਂ ਵਿੱਚ, ਜਿੱਥੇ ਮੌਜੂਦਾ ਪਾੱਲਿਸੀ ਲਾਗੂ ਨਹੀਂ ਹੋ ਸਕਦੀ ਜਾਂ ਵਾਧੂ ਲਚੀਲੇਪਨ ਦੀ ਲੋੜ ਹੈ, ਲਈ ਪਾੱਲਿਸੀ ਵਿੱਚ ਛੋਟ ਦਿੱਤੇ ਜਾਣ ਦੀ ਬੇਨਤੀ ਕਰ ਸਕਦੀਆਂ ਹਨ। ਅਪਡੇਟ ਕੀਤੀ ਗਈ ਪਾੱਲਿਸੀ (ਉਦਾਹਰਣ ਲਈ, ਅਰਲੀ ਸਟਾਰਟ ਛੋਟ, ਪਹਿਲੀ ਪ੍ਰੈਕਟਿਸ ਜਾਂ 12 ਮਹੀਨਿਆਂ ਬਾਅਦ ਸਰਗਰਮੀ, ਵਾਧੂ 12 ਮਹੀਨਿਆਂ ਤੱਕ ਲਈ NRCS-CPA-153 ਦੀ ਵਧਾਈ ਗਈ ਮਿਆਦ) ਨੂੰ ਮੰਜ਼ੂਰੀ ਦੇਣ ਲਈ ਸਟੇਟ ਦੇ ਸੰਭਾਲ ਕਰਨ ਵਾਲ਼ਿਆਂ ਅਤੇ ਡਾਇਰੈਕਟਰਾਂ ਦੇ ਅਖ਼ਤਿਆਰ ਨੂੰ ਵਧਾਇਆ ਹੈ।

ਐਕਟ ਨਾਓ ਪਾੱਲਿਸੀ (440-CPM-530-D-530.37) ਅਰਜ਼ੀ ਦੇ ਅਮਲ, ਖ਼ਾਸ ਤੌਰ 'ਤੇ, ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਕਾਸ਼ਤਕਾਰਾਂ ਲਈ ਸਟੇਟਾਂ ਦੀ ਪਛਾਣ ਕਰਨ ਅਤੇ ਰੈਂਕਿੰਗ ਦੀ ਇੱਕ ਸੀਮਾ ਜਾਂ ਉਸ ਤੋਂ ਉੱਪਰ ਕਾਇਮ ਕਰਨ ਦਾ ਮੌਕਾ ਦੇਕੇ, ਜਿਸ ਵਿੱਚ ਉਹ ਆੱਟੋਮੈਟਿਕ ਤੌਰ 'ਤੇ ਰਕਮਾਂ ਲਈ ਅਰਜ਼ੀ ਨੂੰ ਪਹਿਲਾਂ ਹੀ ਮੰਜ਼ੂਰੀ ਦੇ ਸਕਦੇ ਹਨ ਅਤੇ ਸ਼ਰਤ ਦੀ ਜ਼ਿੰਮੇਵਾਰੀ ਫ਼ੈਰਨ ਸਿਰੇ ਚਾੜ੍ਹਣ ਨੂੰ ਅਸਾਨ ਬਣਾਉਣ ਵਿੱਚ ਮਦਦ ਕਰਦੀ ਹੈ।

ਬਦਲਵੀਂ ਰਕਮ ਦੇ ਪ੍ਰਬੰਧ (440-CPM-530-L) ਜਿੱਥੇ ਮੌਜੂਦਾ ਅਮਲ ਪ੍ਰੋਗਰਾਮ ਦੀ ਹਿੱਸੇਦਾਰੀ ਵਿੱਚ ਅੜਿੱਕੇ ਖੜ੍ਹੇ ਕਰਦਾ ਹੈ, ਲਈ EQIP ਅਤੇ CSP ਲਾਗੂ ਕਰਨ ਲਈ ਰਕਮਾਂ, ਵਿਉਂਤਬੰਦੀ ਅਤੇ ਪ੍ਰਸ਼ਾਸਨ ਲਈ ਵਾਧੂ ਲਚੀਲੇਪਨ ਨਾਲ ਇੰਡੀਅਨ ਟ੍ਰਾਈਬਸ ਅਤੇ ਅਲਾਸਕਾ ਨੇਟਿਵ ਕਾਰਪੋਰੇਸ਼ਨਾਂ ਨੂੰ ਸੇਧ ਮੁਹੱਈਆ ਕਰਦੇ ਹਨ।

ਪੁਰਾਣੀ ਜਾਣਕਾਰੀ ਹਟਾਉਣ, ਅਮਲਾਂ ਨੂੰ ਸਰਲ ਬਣਾਉਣ ਅਤੇ ਸਪਸ਼ਟਤਾ ਬਿਹਤਰ ਕਰਨ ਲਈ ਫ਼ਾਰਮ ਅਪਡੇਟ ਕਰਨੇ:

- NRCS-CPA-1200, "ਸੰਭਾਲ ਸਬੰਧੀ ਪ੍ਰੋਗਰਾਮ ਬਾਰੇ ਅਰਜ਼ੀ"
- NRCS-CPA-1245, "ਪ੍ਰੈਕਟਿਸ ਨੂੰ ਮੰਜ਼ੂਰੀ ਅਤੇ ਭੁਗਤਾਨ ਬਾਰੇ ਅਰਜ਼ੀ"
- NRCS-CPA-152, "ਸੰਭਾਲ ਸਬੰਧੀ ਪ੍ਰੋਗਰਾਮ ਦੇ ਇਕਰਾਰਨਾਮੇ ਦੇ ਤਬਾਦਲੇ ਬਾਰੇ ਸਮਝੌਤਾ"
- NRCS-FNM-60, "ਹੱਥ ਤੰਗ ਹੋਣ ਵੇਲ਼ੇ ਇਲੈਕਟ੍ਰੌਨਿਕ ਫ਼ੰਡ ਟ੍ਰਾਂਸਫ਼ਰ ਛੋਟ"
- NRCS-CPA-153, "ਸੰਭਾਲ ਸਬੰਧੀ ਪ੍ਰੋਗਰਾਮ ਦੇ ਇਕਰਾਰਨਾਮੇ ਦੇ ਪ੍ਰਬੰਧਾਂ ਦੀ ਪਾਲਣਾ ਨਾ ਕੀਤੇ ਜਾਣ ਨੂੰ ਘੇਰੇ ਹੇਠ ਲਿਆਉਣ ਵਾਲ਼ਾ ਸਮਝੌਤਾ"

ਅੰਗ੍ਰੇਜ਼ੀ ਦੀ ਸੀਮਤ ਪ੍ਰਬੀਨਤਾ ਵਾਲ਼ੇ ਗਾਹਕਾਂ ਨੂੰ ਬਿਹਤਰ ਸੇਵਾ ਦੇਣ ਅਤੇ ਪ੍ਰੋਗਰਾਮ ਵਿੱਚ ਹਿੱਸੇਦਾਰੀ ਲਈ ਅੜਿੱਕਿਆਂ ਨੂੰ ਦੂਰ ਕਰਨ ਲਈ ਸੁਧਾਰ ਕੀਤੇ ਗਏ ਸਨ। NRCS ਕਈ ਭਾਸ਼ਾਵਾਂ (ਇਸ ਵਿੱਚ ਸਪੈਨਿਸ਼, ਮੌਂਗ, ਚੀਨੀ, ਵੀਅਤਨਾਮੀ ਅਤੇ ਕੋਰਿਆਈ ਸ਼ਾਮਿਲ ਹਨ) ਵਿੱਚ ਇਕਰਾਰਨਾਮੇ ਦੇ ਅਹਿਮ ਦਸਤਾਵੇਜ਼ਾਂ ਅਤੇ ਪ੍ਰੋਗਰਾਮ ਦੇ ਹੋਰ ਮੁੱਖ ਦਸਤਾਵੇਜ਼ਾਂ ਲਈ ਅਨੁਵਾਦ ਕਰਾਉਣ ਲਈ FPAC ਬਾਹਰੀ ਮਾਮਲਿਆਂ ਨਾਲ ਕੰਮ ਕਰਦੀ ਹੈ ਅਤੇ ਬੇਨਤੀ ਕਰਨ 'ਤੇ ਹੋਰ ਭਾਸ਼ਾਵਾਂ ਉਪਲਬਧ ਹਨ।

NRCS ਦੀ ਮਾਲੀ ਸਹਾਇਤਾ ਦੇ ਪ੍ਰੋਗਰਾਮਾਂ ਬਾਰੇ ਡਿਵੀਜ਼ਨ ਨੇ ਪ੍ਰੋਗਰਾਮ ਦੀ ਪਾੱਲਿਸੀ ਨੂੰ ਬਿਹਤਰ ਬਣਾਉਣ ਲਈ ਫ਼ੀਡਬੈਕ ਅਤੇ ਸਿਫ਼ਾਰਸ਼ਾਂ ਉਪਲਬਧ ਕਰਾਉਣ ਵਾਸਤੇ ਸਟੇਟਾਂ ਵਾਸਤੇ ਇੱਕ ਅਮਲ ਕਾਇਮ ਕੀਤਾ ਹੈ, ਇਸ ਵਿੱਚ ਉਹ ਪਾੱਲਿਸੀਆਂ, ਜੋ ਪ੍ਰੋਗਰਾਮ ਦੀ ਡਿਲੀਵਰੀ ਵਿੱਚ ਅੜਿੱਕੇ ਖੜ੍ਹੇ ਕਰ ਸਕਦੀਆਂ ਹਨ, ਨੂੰ ਹਟਾਉਣ ਜਾਂ ਸੇਧ ਕਰਨ ਲਈ ਸਿਫ਼ਾਰਸ਼ਾਂ ਸ਼ਾਮਿਲ ਹਨ।

NRCS ਦੀਆਂ ਖ਼ਾਸ ਉਦੇਸ਼ ਲਈ ਕਿਸੇ ਹੋਰ ਦੀ ਜ਼ਮੀਨ ਦੀ ਵਰਤੋਂ ਕਰਨ ਬਾਰੇ ਪ੍ਰੋਗਰਾਮਾਂ ਸਬੰਧੀ ਡਿਵੀਜ਼ਨ (Easements Programs Division) ਨੇ ਸੇਮ ਵਾਲ਼ੀ ਜ਼ਮੀਨ ਦੀ ਰੱਖ ਦਾ ਵਾਧਾ ਕਰਨ ਸਬੰਧੀ ਭਾਈਵਾਲੀ ਲਈ ਸਹੂਲਤ ਬਾਰੇ ਤਜਵੀਜ਼ਾਂ ਦੀ ਚੋਣ ਅਤੇ ਰਕਮਾਂ ਨੂੰ ਤਰਜੀਹ ਦਿੱਤੀ ਹੈ, ਇਸਦੇ ਨਤੀਜੇ ਵਜੋਂ ਪਹਿਲੇ ਸਾਲ ਵਿੱਚ $17 ਮਿਲੀਅਨ ਦੀ ਜ਼ਿੰਮੇਵਾਰੀ ਨਿਭਾਉਣ ਵਾਲ਼ੇ ਅਤਿ-ਪੱਛੜੇ ਭਾਈਚਾਰਿਆਂ ਲਈ ਖ਼ਾਸ ਸੰਧੀਆਂ ਵਾਲ਼ੇ ਨਵੇਂ ਪ੍ਰੋਜੈਕਟ ਤਿਆਰ ਕੀਤੇ ਹਨ।

ਖ਼ਾਸ ਉਦੇਸ਼ ਲਈ ਕਿਸੇ ਹੋਰ ਦੀ ਜ਼ਮੀਨ ਦੀ ਵਰਤੋਂ ਕਰਨ ਬਾਰੇ ਪ੍ਰੋਗਰਾਮਾਂ ਸਬੰਧੀ ਡਿਵੀਜ਼ਨ ਨੇ ਇਤਿਹਾਸਕ ਤੌਰ ਤੇ ਅਤਿ-ਪੱਛੜੇ ਬਿਨੇਕਾਰਾਂ ਵਾਲ਼ੀਆਂ ਸਹੂਲਤ ਸਬੰਧੀ ਅਰਜੀਆਂ ਵਾਸਤੇ ਮਾਲੀ ਸਾਲ 2022 ਲਈ ਵੀ ਰਕਮਾਂ ਨੂੰ ਤਰਜੀਹ ਦਿੱਤੀ ਹੈ, ਜਿਹਨਾਂ ਨੂੰ ਖੇਤੀਬਾੜੀ ਦੀ ਸੰਭਾਲ ਬਾਰੇ ਸਹੂਲਤੀ ਪ੍ਰੋਗਰਾਮ (ACEP) ਲਈ 2021 ਵਿੱਚ ਰਕਮਾਂ ਨਹੀਂ ਦਿੱਤੀਆਂ ਗਈਆਂ ਸੀ। ਇਸਦੇ ਨਤੀਜੇ ਵਜੋਂ ਛੇ ਵਾਧੂ ACEP ਖੇਤੀਬਾੜੀ ਸਬੰਧੀ ਜ਼ਮੀਨ ਦੀ ਸਹੂਲਤ ਬਾਰੇ ਅਰਜੀਆਂ ਲਈ $1.7 ਮਿਲੀਅਨ ਅਤੇ ਪੰਜ ਵਾਧੂ ACEP ਸੇਮ ਵਾਲ਼ੀਆਂ ਜ਼ਮੀਨਾਂ ਬਚਾਉਣ ਵਾਲ਼ੀਆਂ ਸਹੂਲਤਾਂ ਲਈ $4.2 ਮਿਲੀਅਨ ਦੀਆਂ ਰਕਮਾਂ ਦਿੱਤੀਆਂ ਗਈਆਂ ਹਨ।

ਜਿਹੜੇ ਲੋਕ ਗਾਹਕ ਨਹੀਂ ਹਨ, ਦਾ ਸਰਵੇਖਣ ਤਿਆਰ ਕਰਨ ਲਈ NRCS ਨੇ FPAC ਨੇ ਗਾਹਕ ਦੇ ਅਨੁਭਵ ਬਾਰੇ ਡਿਵੀਜ਼ਨ ਨਾਲ ਕੰਮ ਕੀਤਾ ਹੈ, ਜਿਸ ਹੇਠ ਹਿੱਤਧਾਰਕਾਂ ਅਤੇ ਲੋਕਾਂ ਦੇ ਨਜ਼ਰੀਏ ਤੋਂ ਵਾਧੂ ਅੜਿੱਕਿਆਂ ਨੂੰ ਦੂਰ ਕਰਨ ਅਤੇ ਹੱਲ ਕੱਢਣ ਦੀ ਪਛਾਣ ਕਰਨ ਲਈ ਅਤਿ-ਪੱਛੜੇ ਭਾਈਚਾਰਿਆਂ ਨਾਲ ਮਿਲਕੇ ਗੱਲਬਾਤ ਕੀਤੀ ਜਾਏਗੀ।

ਸ਼ਹਿਰੀ ਖੇਤੀਬਾੜੀ – ਸ਼ਹਿਰੀ ਖੇਤੀਬਾੜੀ ਅਤੇ ਨਵੇਂ ਤੋਂ ਨਵੇਂ ਉਤਪਾਦ ਬਾਰੇ ਦਫ਼ਤਰ ਨੇ ਪ੍ਰਬੰਧਕੀ ਆਦੇਸ਼ 13985 (ਅਤਿ-ਪੱਛੜੇ ਭਾਈਚਾਰਿਆਂ ਲਈ ਨਸਲੀ ਨਿਰਪੱਖਤਾ ਅਤੇ ਸਹਾਇਤਾ ਨੂੰ ਅੱਗੇ ਵਧਾਉਣਾ), 14008 (ਘਰ ਵਿੱਚ ਅਤੇ ਵਿਦੇਸ਼ ਵਿੱਚ ਜਲਵਾਯੂ ਦੇ ਸੰਕਟ ਨਾਲ ਨਜਿੱਠਣਾ), 13990 ਅਤੇ (ਸ਼ਹਿਰੀ ਖੇਤੀਬਾੜੀ ਅਤੇ ਨਵੇਂ ਤੋਂ ਨਵੇਂ ਉਤਪਾਦ ਲਈ ਗ੍ਰਾਂਟਾਂ ਅਤੇ ਭਾਈਚਾਰੇ ਅਤੇ ਭੋਜਨ ਦੀ ਬਰਬਾਦੀ ਘਟਾਉਣ ਲਈ ਸਹਿਕਾਰੀ ਸਮਝੌਤਿਆਂ ਦੇ ਮੁਲਾਂਕਣ ਦੀ ਕਸੌਟੀ ਵਾਸਤੇ ਜਲਵਾਯੂ ਸੰਕਟ ਨਾਲ ਨਜਿੱਠਣ) ਵਾਸਤੇ ਪਬਲਿਕ ਸਿਹਤ ਅਤੇ ਚੌਗਿਰਦੇ ਅਤੇ ਵਿਗਿਆਨ ਨੂੰ ਬਹਾਲ ਕੀਤੇ ਜਾਣ ਦੀ ਰਾਖੀ ਕਰਨ ਤੋਂ ਭਾਸ਼ਾ ਸ਼ਾਮਿਲ ਕੀਤੀ ਗਈ ਹੈ। ਉਹ ਅਪਡੇਟ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਬਿਨੇਕਾਰਾਂ ਨੇ ਆਪਣੀਆਂ ਤਜਵੀਜ਼ਾਂ ਵਿੱਚ ਇਹ ਮੁੱਦੇ ਨਜਿੱਠ ਲਏ ਹਨ ਅਤੇ ਕਿ ਇਹਨਾਂ ਤਰਜੀਹਾਂ ਬਾਰੇ ਵਿਚਾਰ ਕਰਨ ਵਾਸਤੇ ਰਕਮਾਂ ਲਈ ਚੋਣ ਕੀਤੀ ਹੈ।

ਇਸਦੇ ਨਾਲ ਹੀ, NRCS ਨੇ ਆਮ ਮੈਨੁਅਲ ਟਾਈਟਲ 450 ਸਬ-ਟਾਈਟਲ 408 ਉੱਪ-ਹਿੱਸਾ A "ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਸਹਾਇਤਾ," ਨੂੰ ਰੱਦ ਕਰ ਦਿੱਤਾ ਹੈ, ਜਿਸ ਨੇ ਸ਼ਹਿਰੀ ਇਲਾਕਿਆਂ ਵਿੱਚ ਸੰਭਾਲ ਸਬੰਧੀ ਇੰਜੀਨੀਅਰਿੰਗ ਡਿਜ਼ਾਈਨ ਮੁਹੱਈਆ ਕਰਨ ਵਾਲੀ NRCS ਨੂੰ ਸੀਮਤ ਕਰ ਦਿੱਤਾ ਹੈ।

ਪ੍ਰੋਗਰਾਮ ਆਉਟਰੀਚ ਅਤੇ ਭਾਈਵਾਲੀ - NRCS ਹਿੱਤਧਾਰਕਾਂ, ਟ੍ਰਾਈਬਲ ਯੂਨਿਟਾਂ, ਭਾਈਚਾਰੇ ਅਧਾਰਿਤ ਜੱਥੇਬੰਦੀਆਂ ਅਤੇ ਹੋਰ ਅਤਿ-ਪੱਛੜੇ ਭਾਈਚਾਰਿਆਂ ਅਤੇ ਸਬੰਧਿਤ ਸੰਸਥਾਵਾਂ ਨਾਲ ਭਾਈਵਾਲੀ ਰਾਹੀਂ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਏਜੰਸੀ ਦੇ ਸਾਰੇ ਪੱਧਰਾਂ ਦੇ ਵਚਨਬੱਧਤਾ ਹੈ।

ਨਿਰਪੱਖਤਾ ਆਉਟਰੀਚ ਬਾਰੇ ਸਮਝੌਤੇ – NRCS ਨੇ ਜਲਵਾਯੂ ਵਿੱਚ ਹੋਈ ਤਬਦੀਲੀ ਨਾਲ ਨਜਿੱਠਣ ਲਈ ਸੰਭਾਲ ਦੇ ਪ੍ਰੋਗਰਾਮਾਂ ਅਤੇ ਸਹਾਇਤਾ ਸਬੰਧੀ ਕੋਸ਼ਿਸ਼ਾਂ ਤੱਕ ਪਹੁੰਚ ਕਰਨ ਵਿੱਚ ਨਿਰਪੱਖਤਾ ਨੂੰ ਬਿਹਤਰ ਬਣਾਉਣ ਲਈ ਭਾਈਵਾਲੀ ਵਿੱਚ $50 ਮਿਲੀਅਨ ਪੂੰਜੀ ਦਾ ਪ੍ਰਬੰਧ ਕੀਤਾ ਹੈ। ਉਹ ਉਤਪਾਦਕ, ਜਿਹਨਾਂ ਨੇ ਹੁਣੇ ਖੇਤੀਬਾੜੀ ਸ਼ੁਰੂ ਕੀਤੀ ਹੈ, ਘੱਟ ਆਮਦਨ ਵਾਲੇ ਹਨ, ਜਿਹਨਾਂ ਦੇ ਇੱਕ ਜਾਂ ਵੱਧ ਆਮ ਬੰਸ ਜਾਂ ਨਸਲੀ-ਮੂਲ ਅਤੇ/ਜਾਂ ਫੌਜੀ ਵੈਟਰਨਾਂ ਸੰਭਾਲ ਸਬੰਧੀ ਸਹਾਇਤਾ ਦੀ ਡਿਲੀਵਰੀ ਦਾ ਪਸਾਰ ਕਰਨ ਲਈ ਨਿਰਪੱਖਤਾ ਸਬੰਧੀ ਸੰਭਾਲ ਬਾਰੇ ਸਹਿਕਾਰੀ ਸਮਝੌਤੇ ਦੇ ਸਾਲ ਦੇ ਪ੍ਰੋਜੈਕਟਾਂ ਨੂੰ ਰਕਮਾਂ ਦਿੰਦੇ ਹਨ। ਇਹ ਪ੍ਰੋਗਰਾਮ, ਸੰਭਾਲ ਦੀਆਂ ਮੁੱਖ ਤਰਜੀਹਾਂ 'ਤੇ ਧਿਆਨ ਕੇਂਦਰਿਤ ਕਰਨ ਵਾਲੇ ਪ੍ਰੋਜੈਕਟਾਂ ਨਾਲ ਅਤਿ-ਪੱਛੜੇ ਕਾਸ਼ਤਕਾਰਾਂ ਲਈ ਨਵੀਂ ਭਾਈਵਾਲੀ ਅਤੇ ਸਟੇਟ ਅਤੇ ਭਾਈਚਾਰੇ ਦੀ ਅਗਵਾਈ ਦੇ ਵਿਕਾਸ ਨੂੰ ਉਤਸਾਹਿਤ ਕਰਦਾ ਹੈ, ਇਸ ਵਿੱਚ ਸ਼ਾਮਿਲ ਹਨ:

- ਮਿੱਟੀ ਦਾ ਨਰੋਆਪਨ ਅਤੇ ਪਾਣੀ ਦੀ ਕੁਆਲਿਟੀ ਨੂੰ ਬਿਹਤਰ ਬਣਾਉਣਾ
- ਜੋਖਮ ਵਾਲੇ ਜੰਗਲੀ-ਜਾਨਵਰਾਂ ਲਈ ਰਹਿਣ ਦੀ ਥਾਂ ਮੁਹੱਈਆ ਕਰਨੀ
- ਖੇਤੀਬਾੜੀ ਨਾਲ ਜੁੜੀਆਂ ਜ਼ਮੀਨਾਂ 'ਤੇ ਕੁਦਰਤੀ ਸਰੋਤ ਅਤੇ ਉਪਜ ਵਧਾਉਣੀ,
- ਸ਼ਹਿਰੀ ਇਲਾਕਿਆਂ ਵਿੱਚ ਸੰਭਾਲ ਕਰਨ ਵਾਲੇ ਸਟਾਫ਼ ਅਤੇ ਸਰੋਤ ਤੱਕ ਪਹੁੰਚ ਵਧਾਉਣੀ ਅਤੇ/ਜਾਂ
- ਸਥਾਨਕ ਅਤੇ ਇਲਾਕਾਈ ਭੋਜਨ-ਪ੍ਰਬੰਧ ਅਤੇ ਮੰਡੀਆਂ ਉਸਾਰਣੀਆਂ ਅਤੇ ਉਹਨਾਂ ਨੂੰ ਮਜ਼ਬੂਤ ਕਰਨਾ

NRCS ਨੇ ਨਿਰਪੱਖਤਾ ਦੀ ਸੰਭਾਲ ਬਾਰੇ ਸਹਿਕਾਰੀ ਸਮਝੌਤਿਆਂ ਰਾਹੀਂ ਰਕਮਾਂ ਮੁਹੱਈਆ ਕਰਾਉਣ ਲਈ 118 ਸਮੂਹ ਚੁਣੇ ਹਨ, ਇਸ ਵਿੱਚ 84 ਨਵੀਆਂ ਭਾਈਵਾਲੀਆਂ ਅਤੇ ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਸਮੂਹਾਂ ਨੂੰ ਸੇਵਾ ਦੇ ਰਹੀਆਂ 34 ਹੋਰ ਭਾਈਵਾਲੀਆਂ ਦਾ ਪਸਾਰ ਕਰਨਾ ਸ਼ਾਮਿਲ ਹੈ। ਮਾਲੀ ਸਾਲ 2023 ਵਿੱਚ NRCS ਨਿਰਪੱਖਤਾ ਦੀ ਸੰਭਾਲ ਬਾਰੇ ਸਹਿਕਾਰੀ ਸਮਝੌਤਿਆਂ ਵਿੱਚ ਵਾਧੂ $100 ਮਿਲੀਅਨ ਦੀ ਪੂੰਜੀ ਲਾਏਗੀ।

ਚਲੋ ਸ਼ੁਰੂ ਕਰੀਏ: ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਕਿਸਾਨਾਂ ਅਤੇ ਪਸ਼ੂ-ਪਾਲਕਾਂ ਲਈ USDA ਸਰੋਤਾਂ ਬਾਰੇ ਗਾਈਡ – NRCS ਦੀ ਅਗਵਾਈ ਵਿੱਚ, FPAC ਮਿਸ਼ਨ ਏਰੀਆ ਨੇ USDA ਦੇ ਪ੍ਰੋਗਰਾਮਾਂ ਲਈ ਰਾਹ ਲੱਭਣ ਵਾਸਤੇ ਅਤਿ-ਪੱਛੜੇ ਕਾਸ਼ਤਕਾਰਾਂ ਦੀ ਮਦਦ ਲਈ ਇੱਕ ਨਵੀਂ ਗਾਈਡ ਕੱਢੀ ਹੈ। NRCS ਨੇ ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਕਾਰਜਕਾਰੀ ਸਮੂਹ ਨੇ ਅਤਿ-ਪੱਛੜੇ ਕਾਸ਼ਤਕਾਰਾਂ (ਸ਼ੁਰੂਆਤੀ, ਘੱਟ ਆਮਦਨ, ਫ਼ੌਜੀ ਵੈਟਰਨ, ਔਰਤਾਂ ਅਤੇ ਜਿਹਨਾਂ ਦੇ ਇੱਕ ਜਾਂ ਵੱਧ ਆਮ ਬੰਸ ਜਾਂ ਨਸਲੀ-ਮੂਲ ਵਜੋਂ ਪਛਾਣ ਹੋਈ ਹੈ) ਨੂੰ ਇੱਕੋ ਥਾਂ 'ਤੇ ਸੇਵਾ ਦੇਣ ਲਈ NRCS ਨਿਰਪੱਖਤਾ ਡਿਵੀਜ਼ਨ, FPAC ਬਾਹਰੀ ਮਾਮਲਿਆਂ ਅਤੇ FPAC ਏਜੰਸੀਆਂ ਤੋਂ ਮਾਹਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ *ਚਲੋ ਸ਼ੁਰੂ ਕਰੀਏ* ਗਾਈਡ ਤਿਆਰ ਕੀਤੀ ਹੈ। ਇਸ ਗਾਈਡ ਦੇ ਘੇਰੇ ਹੇਠ ਸੇਵਾ ਕੇਂਦਰ ਵਿੱਚ ਜਾਣ ਦਾ ਪਲਾਨ ਬਣਾਉਣ ਅਤੇ ਖੇਤ ਦਾ ਨੰਬਰ ਹਾਸਿਲ ਕਰਨ ਤੋਂ ਲੈਕੇ FSA, NRCS ਅਤੇ RMA ਵਲੋਂ ਪੇਸ਼ ਕੀਤੇ ਜਾਂਦੇ ਤਕਨੀਕੀ ਅਤੇ ਮਾਲੀ ਸਹਾਇਤਾ ਪ੍ਰੋਗਰਾਮਾਂ ਲਈ ਯੋਗਤਾ ਦਾ ਪਤਾ ਲਾਉਣ ਤੱਕ ਸਭ ਕੁਝ ਆਉਂਦਾ ਹੈ। ਖ਼ਾਸ ਤੌਰ 'ਤੇ ਅਤਿ-ਪੱਛੜੇ ਕਾਸ਼ਤਕਾਰਾਂ ਨਾਲ ਸਬੰਧਿਤ ਹੋਰ ਵਿਸ਼ੇ, ਇਸ ਵਿੱਚ ਸ਼ਹਿਰੀ ਅਤੇ ਕੁਦਰਤੀ ਖੇਤੀਬਾੜੀ ਅਤੇ ਵਿਰਸੇ ਵਿੱਚ ਮਿਲੀ ਜਾਇਦਾਦ ਸ਼ਾਮਿਲ ਹੈ।

ਚਲੋ ਸ਼ੁਰੂ ਕਰੀਏ ਗਾਈਡ ਡਿਜੀਟਲ ਡਾਉਨਲੋਡ ਵਜੋਂ ਆੱਨਲਾਈਨ ਅੰਗ੍ਰੇਜ਼ੀ, ਸਪੈਨਿਸ਼, ਮੌਂਗ, ਕੋਰਿਆਈ, ਵੀਅਤਨਾਮੀ, ਥਾਈ, ਅਤੇ ਚੀਨੀ ਵਿੱਚ ਉਪਲਬਧ ਹੈ। ਬੇਨਤੀ 'ਤੇ ਹੋਰ ਭਾਸ਼ਾਵਾਂ ਉਪਲਬਧ ਕਰਾਈਆਂ ਜਾ ਸਕਦੀਆਂ ਹਨ। ਸ਼ੁਰੂ ਕਰਨ ਲਈ ਅਮਰੀਕਾ ਵਿਚਲੇ USDA ਸਰਵਿਸ ਸੈਂਟਰਾਂ ਨੂੰ ਅੰਗ੍ਰੇਜ਼ੀ ਵਿੱਚ ਛਪੀਆਂ 25 ਕਾੱਪੀਆਂ ਮਿਲੀਆਂ ਹਨ ਅਤੇ ਗਾਹਕ, ਭਾਈਚਾਰੇ ਅਤੇ ਭਾਈਵਾਲ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਲੋੜ ਅਨੁਸਾਰ ਵਾਧੂ ਕਾੱਪੀਆਂ ਅਤੇ ਅਨੁਵਾਦਾਂ ਲਈ ਆੱਰਡਰ ਦਿੱਤਾ ਜਾ ਸਕਦਾ ਹੈ।

ਸਟੇਟ ਆਉਟਰੀਚ ਕੋਆੱਰਡੀਨੇਟਰ - NRCS ਦੇ ਚੀਫ਼ ਨੇ ਸਾਰੀਆਂ ਸਟੇਟਾਂ ਵਿਚਲੇ ਆਉਟਰੀਚ ਕੋਆੱਰਡੀਨੇਟਰਾਂ ਦੀ ਪਛਾਣ ਕਰਕੇ ਆਉਟਰੀਚ ਸੇਧ ਅਤੇ ਤਾਲਮੇਲ (Outreach Direction and Coordination) ਵਿੱਚ ਮਿਲਵਰਤਨ ਨੂੰ ਕਾਇਮ ਕੀਤੇ ਜਾਣ ਨੂੰ ਮਜ਼ਬੂਤ ਕੀਤਾ ਹੈ, ਤਾਂਜੋ NRCS ਸੰਭਾਲ ਸਬੰਧੀ ਪ੍ਰੋਗਰਾਮਾਂ, ਫ਼ਾਇਦਿਆਂ ਅਤੇ ਮੌਕਿਆਂ ਲਈ ਅਸਰਦਾਰ ਭਾਈਚਾਰਕ ਆਉਟਰੀਚ ਸ਼ੁਰੂ ਕੀਤੀ ਜਾ ਸਕੇ ਅਤੇ ਨਵੇਂ ਅਤੇ ਸ਼ੁਰੂਆਤੀ ਗਾਹਕ ਖੇਤੀ ਦੀਆਂ ਆਪਣੀਆਂ ਜ਼ਮੀਨਾਂ 'ਤੇ ਕਾਮਯਾਬੀ ਕਿਵੇਂ ਹਾਸਿਲ ਕਰਨ ਵਿੱਚ ਉਹਨਾਂ ਨੂੰ ਮਦਦ ਮਿਲ ਸਕੇ। ਇਸਦੇ ਨਾਲ ਹੀ, ਸਟੇਟ ਆਉਟਰੀਚ ਕੋਆੱਰਡੀਨੇਟਰ ਅਤੇ ਭਾਈਚਾਰੇ ਦੀ ਆਉਟਰੀਟ, ਜਿਸਦੀ ਉਹ ਅਗਵਾਈ ਕਰਦੇ ਹਨ, NRCS ਸੰਭਾਲ ਪ੍ਰੋਗਰਾਮ ਸਬੰਧੀ ਮੌਕਿਆਂ ਦੀ ਕੁਸ਼ਲਤਾ ਬਾਰੇ ਗਾਹਕਾਂ ਨੂੰ ਸਿੱਖਿਅਤ ਕਰਨ ਵਿੱਚ ਮਦਦ ਕਰਨ ਵਾਸਤੇ ਇੱਕ ਸੁਰੱਖਿਆ ਮੁਹੱਈਆ ਕਰਦੇ ਹਨ।

ਸ਼ਹਿਰੀ ਖੇਤੀਬਾੜੀ – ਮਾਲੀ ਸਾਲ 2022, ਸ਼ਹਿਰੀ ਖੇਤੀਬਾੜੀ ਅਤੇ ਨਵੀਂ ਤੋਂ ਨਵੀਂ ਉਪਜ ਬਾਰੇ ਦਫ਼ਤਰ ਨੇ ਸ਼ਹਿਰੀ ਅਤੇ ਉਪ-ਸ਼ਹਿਰੀ ਇਲਾਕਿਆਂ ਵਿਚਲੇ ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਸਮੂਹਾਂ ਨੂੰ ਕੇਂਦਰ ਵਿੱਚ ਰੱਖਕੇ 25 ਆਉਟਰੀਚ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਹੈ। ਇਸਦੇ ਨਾਲ ਹੀ, ਦਫ਼ਤਰ ਨੇ ਗੱਲਬਾਤ ਕਰਨ ਦਾ ਕੋਈ ਵੀ ਤਰੀਕਾ ਤਿਆਰ ਕਰਨ ਦੀ ਲੜੀ ਛਾਪਕੇ USDA ਸ਼ਹਿਰੀ ਖੇਤੀਬਾੜੀ ਸਾਧਨ ਨੂੰ ਅਪਡੇਟ ਕੀਤਾ ਹੈ, ਇਸ ਵਿੱਚ ਸ਼ਾਮਿਲ ਹਨ:

- *ਸ਼ਹਿਰੀ ਖੇਤੀਬਾੜੀ ਪ੍ਰੋਗਰਾਮ 'ਤੇ ਇੱਕ ਨਜ਼ਰ*, ਜੋ ਸ਼ਹਿਰੀ ਗਾਹਕਾਂ, ਭਾਈਵਾਲਾਂ, ਯੂਨਿਟਾਂ ਅਤੇ ਉਹਨਾਂ ਦੇ ਭਾਈਚਾਰਿਆਂ ਲਈ ਉਪਲਬਧ USDA ਪ੍ਰੋਗਰਾਮਾਂ ਅਤੇ ਉਪਲਬਧ ਸਰੋਤਾਂ ਨੂੰ ਉਜਾਗਰ ਕਰਦੀ ਹੈ
- *ਸ਼ਹਿਰੀ ਖੇਤੀਬਾੜੀ ਅਤੇ ਨਵੀਂ ਤੋਂ ਨਵੀਂ ਉਪਜ ਲਈ ਗ੍ਰਾਂਟਾਂ*, ਜੋ ਉਪਲਬਧ ਸ਼ਹਿਰੀ ਗ੍ਰਾਂਟ ਦੇ ਪ੍ਰੋਗਰਾਮਾਂ ਅਤੇ ਕਿਵੇਂ ਅਪਲਾਈ ਕਰੋ, ਬਾਰੇ ਚੰਗੀ ਤਰ੍ਹਾਂ ਸਮਝਾਉਂਦੀ ਹੈ
- *ਭੋਜਨ ਦੀ ਬਰਬਾਦੀ ਘੱਟ ਕਰਨਾ*, ਜੋ ਖਾਦ ਦੇ ਪਲਾਨਾਂ ਅਤੇ ਭੋਜਨ ਦੀ ਬਰਬਾਦੀ ਰੋਕਣ ਵਾਲੇ ਪਲਾਨਾਂ ਲਈ ਰਣਨੀਤੀਆਂ ਤਿਆਰ ਕਰਨ ਅਤੇ ਟੈਸਟ ਕਰਨ ਵਾਲੇ ਪ੍ਰੋਜੈਕਟਾਂ ਵਿੱਚ ਸਥਾਨਕ ਅਤੇ ਮਿਉਨਿਸੀਪਲ ਸਰਕਾਰਾਂ ਦੀ ਮਦਦ ਕਰਨ ਵਾਸਤੇ ਸਲਾਨਾ ਸਹਿਕਾਰੀ ਸਮਝੌਤਿਆਂ ਬਾਰੇ ਦੱਸਦੀ ਹੈ

ਡਾਟਾ ਨਾਲ ਤਿਆਰ ਕੀਤੀ ਜਾਂਦੀ ਨਿਰਪੱਖਤਾ - NRCS ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਸੰਭਾਲ ਸਬੰਧੀ ਪ੍ਰੋਗਰਾਮ ਅਤੇ ਤਕਨੀਕੀ ਸਹਾਇਤਾ ਬਾਰੇ ਡਾਟਾ ਅਤੇ ਹੋਰ ਡਾਟਾ ਸਰੋਤਾਂ ਨੂੰ ਇਕੱਠਾ ਕਰਕੇ ਅਤੇ ਵਿਸ਼ਲੇਸ਼ਣ ਵਿੱਚ ਲਗਾਤਾਰ ਸੁਧਾਰ ਕਰਕੇ ਮਦਦ ਕਰਦੀ ਹੈ, ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਮਲ ਅਤੇ ਪ੍ਰੋਗਰਾਮ ਨਿਰਪੱਖ, ਢੁਕਵੇਂ ਹਨ ਅਤੇ ਸਾਰੇ ਬਿਨੇਕਾਰਾਂ, ਹਿੱਸੇਦਾਰਾਂ, ਭਾਈਵਾਲਾਂ ਅਤੇ ਹਿੱਤਧਾਰਕਾਂ ਲਈ ਉਹੋ ਜਿਹੇ ਸੰਭਵ ਨਤੀਜੇ ਮਿਲਦੇ ਹਨ।

EQIP ਬਜਟ ਨੂੰ ਤਰਜੀਹ ਦੇਣਾ – NRCS ਨੇ ਮਾਲੀ ਸਾਲ 2022 ਅਤੇ 2023 ਲਈ ਚੌਗਿਰਦੇ ਦੀ ਕੁਆਲਿਟੀ ਦੀਆਂ ਪਹਿਲਕਦਮੀਆਂ ਸਬੰਧੀ ਪ੍ਰੋਗਰਾਮ (EQIP) ਲਈ ਬਜਟ ਨੂੰ ਤਰਜੀਹ ਦੇਣ ਵਿੱਚ ਨਿਰਪੱਖਤਾ ਸਬੰਧੀ ਡਾਟਾ ਅਤੇ ਮਿਆਰ ਸ਼ਾਮਿਲ ਕਰਨ ਲਈ ਪੱਧਤੀ ਤਿਆਰ ਕੀਤੀ ਹੈ। ਇਸ ਪੱਧਤੀ ਵਿੱਚ NRCS ਦੀ ਸਟੇਟ ਦੀ ਇਤਿਹਾਸਕ ਕਾਰਗੁਜ਼ਾਰੀ, ਮੰਗਾਂ ਪੂਰੀਆਂ ਨਾ ਹੋਣੀਆਂ ਅਤੇ ਅਤਿ-ਪੱਛੜੇ ਕਾਸ਼ਤਕਾਰਾਂ ਨੂੰ ਤਕਨੀਕੀ ਅਤੇ ਮਾਲੀ ਸਹਾਇਤਾ ਪਹੁੰਚਾਉਣ ਦੀ ਸਮਰੱਥਾ ਦੇ ਮਾੱਡਲ ਸ਼ਾਮਿਲ ਹਨ। ਪ੍ਰੋਗਰਾਮ ਡਿਲੀਵਰ ਕਰਨ ਲਈ ਤਰਜੀਹ ਦੇਣ ਦੇ ਅਸਰਾਂ 'ਤੇ ਨਜ਼ਰ ਰੱਖਦਿਆਂ, ਖ਼ਾਸ ਤੌਰ 'ਤੇ ਅਤਿ-ਪੱਛੜੇ ਕਾਸ਼ਤਕਾਰਾਂ ਨਾਲ ਵਰਤੋਂ ਅਤੇ ਇਕਰਾਰਨਾਮਿਆਂ ਬਾਰੇ ਏਜੰਸੀ ਕਿਸੇ ਹੋਰ ਪ੍ਰੋਗਰਾਮ ਦੀ ਵੰਡ ਲਈ ਪੱਧਤੀ ਦਾ ਪਸਾਰ ਕਰਨ ਦਾ ਪਲਾਨ ਬਣਾ ਰਹੀ ਹੈ।

ਆਉਟਰੀਚ, ਨਿਰਪੱਖਤਾ ਅਤੇ ਪ੍ਰੋਗਰਾਮ ਡਿਲੀਵਰ ਕਰਨਾ –NRCS ਅਤੇ FPAC ਦੀ ਵਿਸ਼ਲੇਸ਼ਣ ਸਬੰਧੀ ਟੀਮ ਨੇ *ਆਉਟਰੀਚ, ਨਿਰਪੱਖਤਾ ਅਤੇ ਪ੍ਰੋਗਰਾਮ ਡਿਲੀਵਰ ਕਰਨ ਲਈ* ਅੰਦਰੂਨੀ ਡੈਸ਼ਬੋਰਡ ਗਰੁਪ ਜਾਰੀ ਕੀਤਾ ਹੈ। ਡੈਸ਼ਬੋਰਡ ਉਹਨਾਂ ਗਾਹਕਾਂ ਨੂੰ NRCS ਮਾਲੀ ਸਹਾਇਤਾ ਪ੍ਰੋਗਰਾਮ ਡਿਲੀਵਰ ਕਰਨ ਲਈ ਸਮਝ-ਬੂਝ ਮੁਹੱਈਆ ਕਰਨ ਲਈ FPAC ਏਜੰਸੀਆਂ ਦੇ ਡਾਟਾਸੈਟ ਦਾ ਲਾਭ ਲੈਂਦੇ ਹਨ, ਜੋ ਅਤਿ-ਪੱਛੜੇ ਕਾਸ਼ਤਕਾਰਾਂ ਅਤੇ ਭਾਈਚਾਰਿਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਬੰਸ, ਨਸਲੀ-ਮੂਲ, ਲਿੰਗ ਅਤੇ ਹੋਰ ਗਾਹਕ ਸਮੂਹਾਂ ਨਾਲ ਆਪਣੇ ਨੂੰ ਪਛਾਣਦੇ ਹਨ। ਇਸਦੇ ਨਾਲ ਹੀ ਡੈਸ਼ਬੋਰਡ ਅਖ਼ਤਿਆਰਪ੍ਰਾਪਤ ਡਾਟਾਸੈਟ ਅਤੇ ਵਿਸ਼ਲੇਸ਼ਣ ਲਈ ਏਜੰਸੀ ਦੀ ਲੀਡਰਸ਼ਿਪ ਅਤੇ ਮੁੱਖ ਸਟਾਫ਼ ਲਈ ਕੇਂਦਰੀਕ੍ਰਿਤ ਪਛਾਣ ਮੁਹੱਈਆ ਕਰਦੇ ਹਨ, ਇਹਨਾਂ ਵਿੱਚ ਕਈ ਮਿਆਰ ਅਤੇ ਸੰਕੇਤਕ ਸ਼ਾਮਿਲ ਹਨ, ਜੋ ਪ੍ਰੋਗਰਾਮ ਡਿਲੀਵਰ ਕਰਨ ਵਾਲੇ ਹਿੱਸਿਆਂ ਵਿੱਚ ਨਾਬਰਾਬਰੀਆਂ ਦੇ ਨਿਪਟਾਰੇ ਵਿੱਚ ਤਰੱਕੀ ਦਾ ਮੁਲਾਂਕਣ ਕਰਨ ਲਈ ਤਿਆਰ ਕੀਤੇ ਗਏ ਹਨ। ਡੈਸ਼ਬੋਰਡ ਦੇ ਇਸ ਗਰੁਪ ਵਿੱਚ ਲਿਆ ਗਿਆ ਵਿਆਪਕ ਨਜ਼ਰੀਆ, NRCS ਦੇ ਪ੍ਰੋਗਰਾਮਾਂ ਲਈ ਤੈਅ ਕੀਤੇ ਗਏ ਨਿਰਪੱਖਤਾ ਦੇ ਟੀਚਿਆਂ ਦੀ ਦਿਸ਼ਾ ਵਿੱਚ ਤਰੱਕੀ 'ਤੇ ਨਜ਼ਰ ਰੱਖਣ ਦੇ ਸਮਰੱਥ ਬਣਾਉਂਦਾ ਹੈ।

> "NRCS ਉਹ ਅਵਾਜ਼ ਬਣੇਗੀ, ਜੋ ਸਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਨਾ ਕਰਨ ਨਾਲ ਜੁੜੀਆਂ ਨਾਬਰਾਬਰੀਆਂ ਨੂੰ ਸਮਝਣ ਲਈ ਕੰਮ ਕਰਦੀ ਹੈ ਅਤੇ ਅਸੀਂ ਆਪਣੀ ਏਜੰਸੀ ਦੇ ਅੰਦਰ ਨਾਬਰਾਬਰੀਆਂ, ਪੱਖਪਾਤ ਅਤੇ ਅਨਿਆ ਨੂੰ ਦੂਰ ਕਰਨ ਦੀ ਅਣਥੱਕ ਕੋਸ਼ਿਸ਼ ਕਰਾਂਗੇ।"
>
> *-- ਵਿਵੀਅਨ ਏ. ਡਿਕਸਨ, NRCS ਦੀ ਨਿਰਪੱਖਤਾ ਡਿਵੀਜ਼ਨ ਬਾਰੇ ਡਾਇਰੈਕਟਰ*

ਅੰਤਿਕਾ

ਅੰਤਿਕਾ A: ਨਿਰਪੱਖਤਾ ਨਾਲ ਜੁੜੇ ਮੁੱਖ ਸ਼ਬਦਾਂ ਦੀ ਪਰਿਭਾਸ਼ਕ ਸ਼ਬਦਾਵਲੀ

ਪੱਖਪਾਤ: ਕਿਸੇ ਵਿਅਕਤੀ ਜਾਂ ਸਮੂਹ ਦੇ ਪੱਖ ਵਿੱਚ ਜਾਂ ਉਸਦੇ ਖ਼ਿਲਾਫ਼ ਕੀਤੀ ਗਈ ਤਰਫ਼ਦਾਰੀ ਨੂੰ ਆਮ ਤੌਰ 'ਤੇ ਅਣਉਚਿਤ ਮੰਨਿਆ ਜਾਂਦਾ ਹੈ।

ਸਪਸ਼ਟ ਪੱਖਪਾਤ: ਨਜ਼ਰੀਆ ਜਾਂ ਕੱਟੜ-ਧਾਰਣਾ, ਜਿਹਨਾਂ ਬਾਰੇ ਲੋਕਾਂ ਨੂੰ ਪਤਾ ਹੁੰਦਾ ਹੈ ਅਤੇ ਉਹ ਜਾਣ-ਬੁਝਕੇ ਇੰਜ ਕਰਦੇ ਹਨ।

ਗੁੱਝਾ ਪੱਖਪਾਤ: ਨਜ਼ਰੀਆ ਜਾਂ ਕੱਟੜ-ਧਾਰਣਾ, ਜੋ *ਅਚੇਤ ਮਨ ਨਾਲ* ਸਮਝ, ਕਾਰਜਾਂ ਅਤੇ ਫ਼ੈਸਲਿਆਂ 'ਤੇ ਅਸਰ ਪਾਉਂਦਾ ਹੈ।

ਭਾਈਚਾਰੇ-ਅਧਾਰਿਤ ਜੱਥੇਬੰਦੀ (CBO): ਸਥਾਨਕ ਭਾਈਚਾਰਿਆਂ ਦੇ ਅੰਦਰ ਵਸਨੀਕਾਂ ਲਈ ਜ਼ਿੰਦਗੀ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਨਾਲ ਸਬੰਧਿਤ ਮਾਣਤਾਪ੍ਰਾਪਤ ਸਮੂਹ। ਅਜਿਹੀਆਂ ਜੱਥੇਬੰਦੀਆਂ, ਪ੍ਰੋਜੈਕਟ ਸ਼ੁਰੂ ਕਰਨ ਵਾਲ਼ਿਆਂ ਅਤੇ ਮੈਨੇਜਰਾਂ ਦੇ ਤੌਰ 'ਤੇ ਕੰਮ ਕਰਦੀਆਂ ਹਨ, ਜਿਸ ਵਿੱਚ ਸਥਾਨਕ ਤੌਰ 'ਤੇ ਚਲਾਏ ਜਾਂਦੇ ਅਮਲਾਂ ਅਤੇ ਸਰਗਰਮੀਆਂ ਵਿੱਚ ਸ਼ਾਮਿਲ ਹੋਣ ਅਤੇ ਉਹਨਾਂ ਤੱਕ ਪਹੁੰਚਣ ਲਈ ਰਾਹ ਹੁੰਦੇ ਹਨ। ਇਹਨਾਂ ਸਮੂਹਾਂ ਵਿੱਚ ਚੰਗੀ ਤਰ੍ਹਾਂ ਪਰਿਭਾਸ਼ਤ ਚੋਣ-ਹਲਕਿਆਂ ਵਾਲ਼ੇ ਬਿਨਾ ਮੁਨਾਫ਼ੇ ਵਾਲ਼ੀਆਂ, ਗ਼ੈਰਸਰਕਾਰੀ ਜੱਥੇਬੰਦੀਆਂ ਸ਼ਾਮਿਲ ਹਨ, ਜਿਸ ਵਿੱਚ ਇੱਕ ਖ਼ਾਸ ਸਾਰਾ ਭਾਈਚਾਰਾ ਜਾਂ ਹਿੱਸਾ ਸ਼ਾਮਿਲ ਹੁੰਦਾ ਹੈ। ਆਸਥਾ ਨਾਲ ਜੁੜੀਆਂ ਜੱਥੇਬੰਦੀਆਂ, ਔਰਤਾਂ ਦੇ ਸਮੂਹ, ਚੌਗਿਰਦੇ ਬਾਰੇ ਸਮੂਹ, ਫ਼ਾਰਮ ਜਾਂ ਜੰਗਲਾਂ ਬਾਰੇ ਸਮੂਹ, ਵਪਾਰ ਅਤੇ ਪੇਸ਼ੇਵਰ ਐਸੋਸੀਏਸ਼ਨਾਂ, ਵਿਦਿਅਕ ਐਸੋਸੀਏਸ਼ਨਾਂ ਅਤੇ ਸਕੂਲ ਇਹ ਸਾਰੇ ਇਸਦੇ ਉਦਾਹਰਣ ਹਨ।

ਪੱਖਪਾਤ: ਹੋਰਨਾਂ ਲੋਕਾਂ ਦੇ ਮੁਕਾਬਲੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਸ਼੍ਰੇਣੀ ਦੇ ਨਾਲ ਮਾੜਾ ਜਾਂ ਅਣਉਚਿਤ ਵਿਹਾਰ, ਕਿਉਂਕਿ ਉਹ ਬੰਸ, ਨਸਲੀ-ਮੂਲ, ਰਾਸ਼ਟਰੀ ਮੂਲ, ਸੈਕਸ, ਲਿੰਗ, ਜਿਨਸੀ ਰੁਝਾਨ, ਵਿਆਹੁਤਾ ਅਤੇ ਪਰਿਵਾਰਕ ਸਥਿਤੀ, ਮਾਤਾ-ਪਿਤਾ ਦੀ ਸਥਿਤੀ, ਸਿਆਸੀ ਮਾਣਤਾ, ਧਰਮ, ਉਮਰ, ਸਰੀਰਕ ਜਾਂ ਮਾਨਸਿਕ ਅਸਮਰੱਥਾ ਕਰਕੇ ਸੁਰੱਖਿਅਤ ਸ਼੍ਰੇਣੀ ਦੇ ਮੈਂਬਰ ਨਹੀਂ ਹਨ, ਕਿਉਂਕਿ ਉਹਨਾਂ ਨੂੰ ਪੂਰੀ ਜਾਂ ਅੰਸ਼ਕ ਆਮਦਨ ਇੱਕ ਸਰਕਾਰੀ ਸਹਾਇਤਾ ਪ੍ਰੋਗਰਾਮ ਅਤੇ/ਜਾਂ ਪੱਖਪਾਤ ਦੀਆਂ ਪ੍ਰੈਕਟਿਸਾਂ ਦਾ ਵਿਰੋਧ ਕਰਨ ਬਦਲੇ ਕੀਤੀ ਗਈ ਕਾਰਵਾਈ ਤੋਂ ਬਾਅਦ ਮਿਲਦੀ ਹੈ।

ਅਸਾਵਾਂ ਅਸਰ: ਇੱਕ ਮਾੜਾ ਅਸਰ, ਜਿਸ ਨੂੰ ਮੁੱਖ ਤੌਰ 'ਤੇ ਅਬਾਦੀ ਦੇ ਇੱਕ ਖ਼ਾਸ ਹਿੱਸੇ ਵਲੋਂ ਬਰਦਾਸ਼ਤ ਕੀਤਾ ਜਾਂਦਾ ਹੈ ਜਾਂ ਜਿਸਨੂੰ ਅਬਾਦੀ ਦੇ ਇੱਕ ਖ਼ਾਸ ਹਿੱਸੇ ਕਰਕੇ ਪੀੜਤ ਹੋਣਾ ਪੈਂਦਾ ਹੈ ਅਤੇ ਜੋ ਮਾੜੇ-ਅਸਰ ਦੇ ਮੁਕਾਬਲੇ ਵੱਧ ਗੰਭੀਰ ਜਾਂ ਮਾਤਰਾ ਵਿੱਚ ਵੱਡੀ ਹੈ, ਜਿਸ ਨੂੰ ਬਾਕੀ ਅਬਾਦੀ ਵਲੋਂ ਬਰਦਾਸ਼ਤ ਜਾਂ ਸਹਿਣ ਕਰਨਾ ਪਏਗਾ; ਇੱਕ ਫ਼ੈਸਲਾ ਜਾਂ ਕਾਰਵਾਈ, ਜੋ ਇੱਕੋ ਤਰ੍ਹਾਂ ਲਾਗੂ ਹੁੰਦੀ ਹੈ, ਜਿਸਦਾ ਉਦੇਸ਼ ਲੋਕਾਂ ਦੇ ਖ਼ਾਸ ਸਮੂਹਾਂ ਨੂੰ ਬਾਹਰ ਕਰਨ ਜਾਂ ਨਹੀਂ ਤਾਂ ਮਾੜੇ ਪ੍ਰਭਾਵ ਪਾਉਣ ਦਾ ਅਸਰ ਹੈ।

ਅਸਾਵਾਂ ਇਲਾਜ: ਜਦੋਂ ਇਸੇ ਤਰ੍ਹਾਂ ਰਹਿਣ ਵਾਲੇ ਲੋਕਾਂ (ਜਾਂ ਲੋਕਾਂ ਦੀ ਇੱਕ ਸ਼੍ਰੇਣੀ) ਨਾਲ ਦੂਜਿਆਂ ਦੇ ਮੁਕਾਬਲੇ ਅਲੱਗ ਵਿਹਾਰ ਕੀਤਾ ਜਾਂਦਾ ਹੈ ਅਤੇ ਸਿਰਫ਼ ਇੱਕ ਖ਼ਾਸੀਅਤ, ਜੋ ਅਲੱਗ ਹੈ, ਉਹ ਹੈ, ਸਿਵਿਲ ਹੱਕਾਂ ਬਾਰੇ ਕਾਨੂੰਨ ਅਤੇ ਨੇਮ (ਜਿਵੇਂ ਬੰਸ, ਨਸਲੀ-ਮੂਲ, ਰਾਸ਼ਟਰੀ ਮੂਲ, ਉਮਰ, ਅਸਮਰੱਥਾ (ਅਪੰਗਤਾ) ਅਤੇ ਜਿੱਥੇ ਲਾਗੂ ਹੈ, ਲਿੰਗ, ਜਿਨਸੀ ਤਰਜੀਹ, ਵਿਆਹੁਤਾ ਅਤੇ ਪਰਿਵਾਰਕ ਸਥਿਤੀ, ਧਰਮ, ਸਿਆਸੀ ਮਾਣਤਾ)।

ਵੰਨ-ਸੁਵੰਨਤਾ: ਕਈ ਭਾਈਚਾਰਿਆਂ, ਪਛਾਣ, ਬੰਸ, ਨਸਲੀ-ਮੂਲ, ਪਿਛੋਕੜ, ਸਮਰੱਥਾਵਾਂ, ਸਭਿਆਚਾਰ ਅਤੇ ਲੋਕਾਂ ਦੀਆਂ ਮਾਣਤਾਵਾਂ ਸ਼ਾਮਿਲ ਕਰਨ ਦੀ ਪ੍ਰੈਕਟਿਸ, ਇਸ ਵਿੱਚ ਅਤਿ-ਪੱਛੜੇ ਭਾਈਚਾਰੇ ਸ਼ਾਮਿਲ ਹਨ।[1]

ਬਰਾਬਰੀ: ਹਰ ਵਿਅਕਤੀ ਜਾਂ ਲੋਕਾਂ ਦੇ ਸਮੂਹ ਨੂੰ ਇੱਕੋ ਜਿਹੇ ਸਰੋਤ ਜਾਂ ਇਲਾਜ ਮਿਲਦਾ ਹੈ। ਜਿਵੇਂ "ਨਿਰਪੱਖਤਾ" ਬਰਾਬਰੀ ਦਾ ਉਦੇਸ਼ ਨਿਰਪੱਖਤਾ ਅਤੇ ਨਿਆ ਨੂੰ ਉਤਸਾਹ ਦੇਣਾ ਹੈ, ਪਰ ਇਹ ਸਿਰਫ਼ ਉਦੋਂ ਕੰਮ ਕਰਦੀ ਹੈ, ਜੇ ਸਾਰੇ ਲੋਕ ਇੱਕੋ ਜਿਹੇ ਸਰੋਤਾਂ ਨਾਲ ਇੱਕੋ ਜਿਹੇ ਮੌਕਿਆਂ ਨਾਲ ਸ਼ੁਰੂ ਕਰਦੇ ਹਨ।

ਨਿਰਪੱਖਤਾ: ਸਾਰੇ ਲੋਕਾਂ ਦਾ ਨੇਮ ਨਾਲ ਅਤੇ ਤਰਤੀਬਬੱਧ ਨਿਰਪੱਖ, ਨਿਆਪੂਰਣ ਅਤੇ ਬੇਲਾਗ ਵਿਹਾਰ, ਇਸ ਵਿੱਚ ਅਜਿਹੇ ਲੋਕ ਵੀ ਸ਼ਾਮਿਲ ਹਨ, ਜੋ ਅਤਿ-ਪੱਛੜੇ ਸਮੂਹਾਂ ਦੇ ਹਨ, ਜਿਹਨਾਂ ਨੂੰ ਅਜਿਹੇ ਵਿਹਾਰ ਤੋਂ ਵਾਂਝਿਆ ਰੱਖਿਆ ਜਾਂਦਾ ਹੈ, ਜਿਵੇਂ ਕਾਲੇ, ਲੈਟਿਨੇ ਅਤੇ ਮੂਲ-ਨਿਵਾਸੀ ਅਤੇ ਮੂਲ ਅਮਰੀਕੀ ਵਿਅਕਤੀ, ਏਸ਼ਿਆਈ ਅਮਰੀਕੀ ਅਤੇ ਸ਼ਾਂਤ ਮਹਾਸਾਗਰ ਟਾਪੂਹਾਰਾਂ ਦੇ ਵਸਨੀਕ ਅਤੇ ਹੋਰ ਰੰਗ ਵਾਲ਼ੇ ਵਿਅਕਤੀ; ਧਾਰਮਿਕ ਘੱਟਗਿਣਤੀਆਂ ਦੇ ਮੈਂਬਰ; ਇਸਤ੍ਰੀ-ਸਮਲਿੰਗੀ, ਮਰਦ-ਸਮਲਿੰਗੀ, ਟ੍ਰਾਂਸਜੈਂਡਰ ਅਤੇ ਕੁਈਅਰ (LGBTQ+) ਵਿਅਕਤੀ; ਅਸਮਰੱਥ (ਅਪੰਗ) ਵਿਅਕਤੀ; ਦਿਹਾਤੀ ਇਲਾਕਿਆਂ ਵਿੱਚ ਰਹਿਣ ਵਾਲੇ ਵਿਅਕਤੀ; ਅਤੇ ਨਹੀਂ ਤਾਂ ਵਿਅਕਤੀ ਲਗਾਤਾਰ ਗ਼ਰੀਬੀ ਜਾਂ ਨਾਬਰਾਬਰੀ ਦੇ ਮਾੜੇ ਰੂਪ ਦੇ ਅਸਰ ਹੇਠ ਹੁੰਦੇ ਹਨ।[1,2] ਨਿਰਪੱਖਤਾ ਯਕੀਨੀ ਬਣਾਉਂਦੀ ਹੈ ਕਿ ਸਾਰੇ ਲੋਕਾਂ ਅਤੇ ਭਾਈਚਾਰਿਆਂ ਕੋਲ ਮੌਕੇ ਅਤੇ ਸਰੋਤ ਹੋਣ, ਜਿਸਦੀ ਉਹਨਾਂ ਨੂੰ ਇੱਕੋ ਜਿਹੇ ਨਤੀਜਿਆਂ ਤੱਕ ਪਹੁੰਚਣ ਲਈ ਲੋੜ ਹੈ।

ਇਤਿਹਾਸਕ ਅਧਾਰ: ਹਵਾਲੇ ਦਾ ਦ੍ਰਿਸ਼, ਜਿਸਦੇ ਮੁਕਾਬਲੇ ਤਬਦੀਲੀ ਮਾਪੀ ਜਾਂਦੀ ਹੈ; ਆਦਰਸ਼ ਤੌਰ 'ਤੇ, ਅਧਾਰ ਵਿੱਚ ਇਤਿਹਾਸਕ ਡਾਟਾ ਦੇ ਨਾਲ ਹੀ ਕਿਸੇ ਖ਼ਾਸ ਫ਼ੈਸਲੇ ਸਬੰਧੀ ਉਪਾਅ ਲਈ ਭਵਿੱਖ ਵਾਸਤੇ ਪੇਸ਼ੀਨਗੋਈ ਸ਼ਾਮਿਲ ਹੈ।

---

1 ਪ੍ਰਬੰਧਕੀ ਆਦੇਸ਼ 14035 *ਵੰਨ-ਸੁਵੰਨਤਾ, ਸ਼ਮੂਲੀਅਤ ਅਤੇ ਫ਼ੈਡਰਲ ਕਿਰਤ-ਬਲ ਵਿੱਚ ਪਹੁੰਚਯੋਗਤਾ।* 25 ਜੂਨ, 2021.

2 ਪ੍ਰਬੰਧਕੀ ਆਦੇਸ਼ 13985 ਫ਼ੈਡਰਲ ਸਰਕਾਰ ਰਾਹੀਂ ਨਸਲੀ ਨਿਰਪੱਖਤਾ ਅਤੇ ਅਤਿ-ਪੱਛੜੇ ਭਾਈਚਾਰਿਆਂ ਨੂੰ ਅੱਗੇ ਵਧਾਉਣਾ। 20 ਜਨਵਰੀ, 2021.

ਇਤਿਹਾਸਕ ਤੌਰ 'ਤੇ ਅਤਿ-ਪੱਛੜਿਆ ਕਾਸ਼ਤਕਾਰ: ਖੇਤੀਬਾੜੀ ਵਿੱਚ ਸੁਧਾਰ ਕਰਨ ਬਾਰੇ ਕਾਨੂੰਨ, 2018 ਵਿੱਚ ਉਹ ਪ੍ਰਬੰਧ ਸ਼ਾਮਿਲ ਹਨ, ਜੋ ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਕਾਸ਼ਤਕਾਰਾਂ ਅਤੇ ਪਸ਼ੂ-ਪਾਲਕਾਂ ਤੋਂ ਲੈਕੇ ਸ਼ੁਰੂਆਤੀ, ਲਾਭ ਤੋਂ ਵਾਂਝਿਆਂ, ਸੀਮਤ ਸਰੋਤ ਵਾਲਿਆਂ ਅਤੇ ਵੈਟਰਨ ਕਿਸਾਨਾਂ ਅਤੇ ਪਸ਼ੂ-ਪਾਲਕਾਂ ਦੇ ਵਿਲੱਖਣ ਹਾਲਾਤ ਅਤੇ ਚਿੰਤਾਵਾਂ ਨੂੰ ਹੱਲ ਕਰਦੇ ਹਨ। ਹੋਰ ਸਪਸ਼ਟੀਕਰਣਾਂ ਅਤੇ ਯੋਗਤਾ ਕਸੌਟੀ ਲਈ NRCS ਦੀ ਵੈਬਸਾਈਟ ਵੇਖੋ।

ਸ਼ਮੂਲੀਅਤ: ਵੰਨ-ਸੁਵੰਨੇ ਨਜ਼ਰੀਏ ਵਾਲ਼ਿਆਂ ਨੂੰ ਆਪਣੇ ਨਾਲ ਜੋੜਣਾ; ਭਾਈਚਾਰੇ ਵਿੱਚ ਸਾਰਿਆਂ ਲਈ ਕਾਮਯਾਬੀ ਵਾਸਤੇ ਇੱਕੋ ਜਿਹੇ ਮੌਕਿਆਂ ਨੂੰ ਯਕੀਨੀ ਬਣਾਉਣ ਲਈ ਕਾਰਵਾਈਆਂ ਦਾ ਸੈਟ; ਇੱਕ ਅਜਿਹਾ ਭਾਈਚਾਰਾ, ਜਿੱਥੇ ਸਾਰੇ ਮੈਂਬਰ ਸਤਿਕਾਰਿਆ ਹੋਇਆ ਮਹਿਸੂਸ ਕਰਦੇ ਹਨ ਅਤੇ ਉਹਨਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ, ਆਪਣੇਪਣ ਦਾ ਅਹਿਸਾਸ ਹੁੰਦਾ ਹੈ ਅਤੇ ਆਪਣੀ ਸਮਰੱਥਾ ਵਿੱਚ ਹਿੱਸਾ ਲੈਣ ਅਤੇ ਹਾਸਿਲ ਕਰਨ ਦੇ ਸਮਰੱਥ ਹੁੰਦੇ ਹਨ।

ਨਾਬਰਾਬਰੀ: ਨਿਰਪੱਖਤਾ ਜਾਂ ਨਿਆ ਦੀ ਘਾਟ; ਵਾਪਰਦੀ ਹੈ, ਜਦੋਂ ਸਾਰਿਆਂ ਨੂੰ ਮੌਕਿਆਂ ਅਤੇ ਸਰੋਤਾਂ ਤੱਕ ਉਹੀ ਪਹੁੰਚ ਨਹੀਂ ਮਿਲਦੀ।

ਨਿਆ: ਪਾੱਲਿਸੀਆਂ, ਪ੍ਰੈਕਟਿਸਾਂ ਅਤੇ ਨਜ਼ਰੀਏ ਨੂੰ ਤਰਤੀਬਬੱਧ, ਵਿਹਾਰਕ ਤਰੀਕੇ ਨਾਲ ਲਾਗੂ ਕਰਨਾ, ਜਿਹਨਾਂ ਨਾਲ ਸਾਰਿਆਂ ਨੂੰ ਇੱਕੋ ਜਿਹੀ ਤਾਕਤ, ਪਹੁੰਚ, ਮੌਕਾ, ਇਲਾਜ ਮਿਲਦਾ ਹੈ ਅਤੇ ਇਸਦੇ ਨਤੀਜੇ ਨਜ਼ਰ ਆਉਂਦੇ ਹਨ।

ਅੰਗ੍ਰੇਜ਼ੀ ਦੀ ਸੀਮਤ ਪ੍ਰਬੀਨਤਾ[3]: ਆਪਣੇ ਰਾਸ਼ਟਰੀ ਮੂਲ ਕਰਕੇ ਜਿਹਨਾਂ ਲੋਕਾਂ ਦੀ ਅੰਗ੍ਰੇਜ਼ੀ ਦੀ ਪ੍ਰਬੀਨਤਾ ਸੀਮਤ ਹੈ, ਲਈ ਫ਼ੈਡਰਲ ਤੌਰ 'ਤੇ ਕਰਾਏ ਜਾਂਦੇ ਅਤੇ ਫ਼ੈਡਰਲ ਤੌਰ 'ਤੇ ਸਹਾਇਤਾਪ੍ਰਾਪਤ ਪ੍ਰੋਗਰਾਮਾਂ ਅਤੇ ਸਰਗਰਮੀਆਂ ਤੱਕ ਪਹੁੰਚ ਕਰਨ ਨੂੰ ਬਿਹਤਰ ਬਣਾਉਣਾ।

NRCS ਦੇ ਭਾਈਵਾਲ: ਆਮ ਚਿੰਤਾਵਾਂ ਅਤੇ ਟੀਚੇ ਸਾਂਝੇ ਕਰਨ ਵਾਲ਼ੇ ਸਮੂਹ ਅਤੇ ਜੱਥੇਬੰਦੀਆਂ, ਜੋ NRCS ਦਾ ਮਿਸ਼ਨ ਪੂਰਾ ਕਰਨ ਵਿੱਚ ਮਦਦ ਕਰਦੀਆਂ ਹਨ। ਉਹ ਏਜੰਸੀ ਦੇ ਮਿਸ਼ਨਾਂ ਅਤੇ ਪ੍ਰੋਗਰਾਮਾਂ ਬਾਰੇ ਢੁਕਵੇਂ ਤਰੀਕੇ ਨਾਲ ਅਤੇ ਸਪਸ਼ਟ ਤੌਰ 'ਤੇ ਸਮਝਾ ਸਕਦੀਆਂ ਹਨ, ਬਸ਼ਰਤੇ ਉਹ ਢੁਕਵੇਂ ਆਉਟਰੀਚ ਸਾਧਨਾਂ ਅਤੇ ਵੇਰਵਿਆਂ ਨਾਲ ਲੈਸ ਹੋਣ।

ਆਉਟਰੀਚ: ਇਹ ਯਕੀਨੀ ਬਣਾਉਣ ਲਈ ਕੰਮ-ਕਾਜ ਕਰਨਾ ਕਿ NRCS ਦੇ ਪ੍ਰੋਗਰਾਮ ਅਤੇ ਸੇਵਾਵਾਂ ਸਾਰੇ ਗਾਹਕਾਂ ਲਈ ਉਪਲਬਧ ਹਨ, ਜਿਸ ਵਿੱਚ ਇਤਿਹਾਸਕ ਤੌਰ 'ਤੇ ਅਤਿ-ਪੱਛੜੇ ਲੋਕਾਂ 'ਤੇ ਜੋਰ ਦਿੱਤਾ ਜਾਂਦਾ ਹੈ। ਆਉਟਰੀਚ ਵਿੱਚ ਭਾਸ਼ਾ ਅਤੇ ਸੇਵਾਵਾਂ ਨਾਲ ਸੁਨੇਹੇ ਅਤੇ ਜਾਣਕਾਰੀ ਸਬੰਧੀ ਸਮੱਗ੍ਰੀ ਤਿਆਰ ਕਰਨਾ ਵੀ ਸ਼ਾਮਿਲ ਹੈ, ਜਿਸ ਵਿੱਚ ਖ਼ਾਸ ਸਮੂਹਾਂ ਅਤੇ ਅਬਾਦੀ ਨਾਲ ਗੱਲ ਕੀਤੀ ਜਾਂਦੀ ਹੈ ਅਤੇ ਏਜੰਸੀ ਅਤੇ ਖੇਤੀਬਾੜੀ ਬਾਰੇ ਬਿੱਲ ਦੇ ਕੰਮ ਨਾਲ ਜੁੜਿਆ ਮਿਸ਼ਨ, ਅਮਲ, ਟੀਚੇ ਅਤੇ ਜ਼ਿੰਮੇਵਾਰੀਆਂ ਅਤੇ ਯੋਗਤਾ ਸਬੰਧੀ ਮੁੱਦਿਆਂ ਨੂੰ ਸਮਝਣ ਵਿੱਚ ਉਹਨਾਂ ਦੀ ਮਦਦ ਕਰਦਾ ਹੈ।

ਤਰਫ਼ਦਾਰੀ: ਬੰਸ, ਨਸਲੀ-ਮੂਲ, ਲਿੰਗ, ਧਰਮ ਜਾਂ ਹੋਰ ਆਪਸੀ ਮਤਭੇਦਾਂ ਕਰਕੇ ਕਿਸੇ ਵਿਅਕਤੀ ਜਾਂ ਸਮੂਹ ਪ੍ਰਤੀ ਅਣਉਚਿਤ ਭਰੋਸਾ ਜਾਂ ਨਾਪਸੰਦਗੀ ਦਾ ਅਹਿਸਾਸ।

ਨਸਲਪ੍ਰਸਤੀ: ਇੱਕ ਵਿਸ਼ਵਾਸ ਕਿ ਬੰਸ ਮਨੁਖੀ ਲੱਛਣਾਂ ਅਤੇ ਸਮਰੱਥਾਵਾਂ ਦਾ ਇੱਕ ਬੁਨਿਆਦੀ ਨਿਰਧਾਰਕ ਹੈ ਅਤੇ ਇਹ ਕਿ ਨਸਲੀ ਫ਼ਰਕ ਕਿਸੇ ਖ਼ਾਸ ਬੰਸ ਨਾਲ ਜੁੜੀ ਖ਼ਾਨਦਾਨੀ ਉੱਤਮਤਾ ਨੂੰ ਪ੍ਰੇਰਦਾ ਹੈ; ਵਿਹਾਰ ਜਾਂ ਨਜ਼ਰੀਆ, ਜੋ ਇਸ ਭਰੋਸੇ ਨੂੰ ਦਰਸਾਉਂਦਾ ਹੈ ਅਤੇ ਉਤਸਾਹ ਦਿੰਦਾ ਹੈ; ਦੂਜੇ ਦੇ ਸਮਾਜਕ, ਆਰਥਕ ਅਤੇ ਸਿਆਸੀ ਲਾਭ ਲਈ ਇੱਕ ਨਸਲੀ ਸਮੂਹ ਦਾ ਆਮ ਤਸ਼ੱਦਦ।

ਵਿਅਕਤੀਗਤ ਨਸਲਪ੍ਰਸਤੀ: ਨਸਲ ਦੇ ਅਧਾਰ 'ਤੇ ਕਿਸੇ ਵਿਅਕਤੀ ਵਲੋਂ ਪਹਿਲਾਂ ਤੋਂ ਨਿਰਣਾ, ਤਰਫ਼ਦਾਰੀ ਜਾਂ ਪੱਖਪਾਤ; ਅੰਦਰੂਨੀ (ਨਿਜੀ ਵਿਸ਼ਵਾਸ ਅਤੇ ਤਰਫ਼ਦਾਰੀ) ਅਤੇ ਆਪਸੀ (ਜਦੋਂ ਨਿਜੀ ਨਸਲੀ ਵਿਸ਼ਵਾਸ ਦੂਜਿਆਂ ਦੇ ਨਾਲ ਕੰਮਾਂ 'ਤੇ ਅਸਰ ਪਾਉਂਦੇ ਹਨ), ਦੋਵੇਂ ਹੋ ਸਕਦੇ ਹਨ।

ਸੰਸਥਾਗਤ ਨਸਲਪ੍ਰਸਤੀ: ਅਜਿਹੀਆਂ ਪਾੱਲਿਸੀਆਂ, ਪ੍ਰੈਕਟਿਸਾਂ ਅਤੇ ਅਮਲ, ਜਿਹਨਾਂ ਕਰਕੇ ਹੋਰ ਰੰਗ ਵਾਲ਼ੇ ਲੋਕਾਂ ਨੂੰ ਨਾਬਰਾਬਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹਨਾਂ ਦਾ ਲਾਭ ਅਤੇ ਫ਼ਾਇਦਾ ਗੋਰੇ ਰੰਗ ਵਾਲ਼ੇ ਲੋਕਾਂ ਨੂੰ ਮਿਲਦਾ ਹੈ; ਅਜਿਹੀਆਂ ਪਾੱਲਿਸੀਆਂ ਨੂੰ ਅਪਣਾਉਣ ਅਤੇ ਬਣਾਈ ਰੱਖਣ ਵਾਲ਼ੀਆਂ ਸੰਸਥਾਵਾਂ ਅਤੇ ਏਜੰਸੀਆਂ।

ਆਮ ਨਸਲਪ੍ਰਸਤੀ: ਇਤਿਹਾਸ ਅਤੇ ਮੌਜੂਦਾ ਅਸਲੀਅਤ ਨੂੰ ਇਕਮਿਕ ਕਰਦਾ ਹੈ, ਇਸ ਨਾਲ ਜੁੜੇ ਹੋਏ ਅਤੇ ਪੇਚੀਦਾ ਅਸਰਾਂ ਵਾਲ਼ਾ ਇੱਕ ਸਿਲਸਿਲਾ ਤਿਆਰ ਕਰਨ ਲਈ ਇੰਟਰਲਾੱਕਿੰਗ ਸੰਸਥਾਵਾਂ ਦਾ ਸੁਮੇਲ ਤਿਆਰ ਹੁੰਦਾ ਹੈ, ਜਿਸਦਾ ਗੋਰਿਆਂ ਨੂੰ ਤਰਤੀਬਬੱਧ ਢੰਗ ਨਾਲ ਫ਼ਾਇਦਾ ਹੁੰਦਾ ਹੈ ਅਤੇ ਹੋਰ ਰੰਗ ਵਾਲ਼ੇ ਲੋਕਾਂ ਨੂੰ ਇਸਦਾ ਨੁਕਸਾਨ ਹੁੰਦਾ ਹੈ।

ਹਿੱਤਧਾਰਕ: ਇੱਕ ਨਿਜੀ ਸਮੂਹ ਜਾਂ ਜੱਥੇਬੰਦੀ, ਜਿਸ ਨੂੰ ਸਰਕਾਰ, ਵਪਾਰ ਜਾਂ ਹੋਰਨਾਂ ਜੱਥੇਬੰਦੀਆਂ ਵਿੱਚ ਦਿਲਚਸਪੀ ਹੈ ਜਾਂ ਉਹਨਾਂ ਨਾਲ ਸਬੰਧਿਤ ਹੈ ਜਾਂ ਉਹਨਾਂ ਤੋਂ ਪ੍ਰਭਾਵਿਤ ਹੈ।

ਕੱਟੜ-ਧਾਰਣਾ: ਗ਼ਲਤ ਢੰਗ ਨਾਲ ਵਿਸ਼ਵਾਸ ਕਰਨਾ ਕਿ ਇੱਕ ਖ਼ਾਸੀਅਤ ਜਾਂ ਖ਼ਾਸੀਅਤਾਂ ਦੇ ਸਮੂਹ ਨੂੰ ਸਾਂਝਾ ਕਰਨ ਵਾਲ਼ੇ ਸਾਰੇ ਲੋਕ ਇੱਕੋ ਜਿਹੇ ਹਨ।

ਅਤਿ-ਪੱਛੜੇ ਭਾਈਚਾਰੇ: ਇੱਕ ਖ਼ਾਸ ਵਿਸ਼ੇਸ਼ਤਾ ਦੇ ਨਾਲ ਹੀ ਭੂਗੋਲਿਕ ਭਾਈਚਾਰਿਆਂ ਨੂੰ ਸਾਂਝਾ ਕਰਨ ਵਾਲ਼ੀ ਅਬਾਦੀ, ਜਿਹਨਾਂ ਨੂੰ 'ਨਿਰਪੱਖਤਾ' ਦੀ ਪਹਿਲਾਂ ਦੀ ਪਰਿਭਾਸ਼ਾ ਦੇ ਉਦਾਹਰਣ ਦੇ ਤੌਰ 'ਤੇ ਆਰਥਿਕ, ਸਮਾਜਕ ਅਤੇ ਬਾਸ਼ਿੰਦੇ ਦੀ ਜ਼ਿੰਦਗੀ ਦੇ ਪਹਿਲੂਆਂ ਵਿੱਚ ਹਿੱਸਾ ਲੈਣ ਦੇ ਪੂਰੇ ਮੌਕੇ ਤੋਂ ਵਾਂਝਿਆ ਰਖਿਆ ਗਿਆ ਹੈ।[1,2]

---

3 ਪ੍ਰਬੰਧਕੀ ਆਦੇਸ਼ 13166 *ਅੰਗ੍ਰੇਜ਼ੀ ਦੀ ਸੀਮਤ ਪ੍ਰਬੀਨਤਾ ਵਾਲ਼ੇ ਲੋਕਾਂ ਲਈ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਕਰਨਾ* । 11 ਅਗਸਤ, 2000.

ਅੰਤਿਕਾ B: ਸਰੋਤ

ਪ੍ਰਬੰਧਕੀ ਆਦੇਸ਼ 13985, *ਫ਼ੈਡਰਲ ਸਰਕਾਰ ਰਾਹੀਂ ਅਤਿ-ਪੱਛੜੇ ਭਾਈਚਾਰਿਆਂ ਲਈ ਨਸਲੀ ਨਿਰਪੱਖਤਾ ਅਤੇ ਸਹਾਇਤਾ ਨੂੰ ਅੱਗੇ ਵਧਾਉਣਾ*

ਪ੍ਰਬੰਧਕੀ ਆਦੇਸ਼ 14008, *ਘਰ ਵਿੱਚ ਅਤੇ ਵਿਦੇਸ਼ ਵਿੱਚ ਜਲਵਾਯੂ ਦੇ ਸੰਕਟ ਨਾਲ ਨਜਿੱਠਣਾ*

ਪ੍ਰਬੰਧਕੀ ਆਦੇਸ਼ 14035, *ਵੰਨ-ਸੁਵੰਨਤਾ, ਨਿਰਪੱਖਤਾ, ਸ਼ਮੂਲੀਅਤ ਅਤੇ ਫ਼ੈਡਰਲ ਕਿਰਤ-ਬਲ ਵਿੱਚ ਪਹੁੰਚਯੋਗਤਾ*

USDA ਦਾ ਨਿਰਪੱਖਤਾ ਬਾਰੇ ਵੈਬਪੇਜ

USDA ਨਿਰਪੱਖਤਾ ਸਬੰਧੀ ਪਲਾਨ

NRCS ਦਾ ਨਿਰਪੱਖਤਾ ਬਾਰੇ ਵੈਬਪੇਜ

NRCS ਦੀ ਨਿਰਪੱਖਤਾ ਬਾਰੇ ਪਾੱਲਿਸੀ ਸਟੇਟਮੈਂਟ

NRCS ਦਾ ਨਿਰਪੱਖਤਾ ਬਾਰੇ ਪੋਸਟਰ

2011 ਵਿੱਚ ਜੈਕਸਨ ਲੁਇਸ ਦੀ ਰਿਪੋਰਟ *ਤਕਨੀਕੀ ਅਤੇ ਮਾਲੀ ਸਹਾਇਤਾ ਦੇਣ ਬਾਰੇ ਸੁਤੰਤਰ ਮੁਲਾਂਕਣ*

(NRCS ਦੀਆਂ ਸਿਫ਼ਾਰਸ਼ਾਂ ਪੰਨਾ 316 'ਤੇ ਸ਼ੁਰੂ ਹੁੰਦੀਆਂ ਹਨ)

ਬੰਸ ਅਤੇ ਨਿਰਪੱਖਤਾ ਬਾਰੇ ਸਰਕਾਰੀ ਗਠਜੋੜ (GARE) ਦੀ ਸਰੋਤ ਗਾਈਡ *ਨਸਲੀ ਨਿਰਪੱਖਤਾ ਨੂੰ ਅੱਗੇ ਵਧਾਉਣਾ ਅਤੇ ਸਰਕਾਰ ਨੂੰ ਬਦਲਣਾ*

GARE ਸਰੋਤ ਗਾਈਡ *ਨਿਰਪੱਖਤਾ ਸਬੰਧੀ ਟੂਲਕਿਟ: ਨਿਰਪੱਖਤਾ ਦਾ ਪ੍ਰਬੰਧ ਕਰਨ ਦਾ ਮੌਕਾ*

ਨਿਰਪੱਖ ਰਹਿਣ ਬਾਰੇ ਸਟੇਟਮੈਂਟ

ਫ਼ੈਡਰਲ ਸਿਵਿਲ ਹੱਕਾਂ ਬਾਰੇ ਕਾਨੂੰਨ ਅਤੇ ਅਮਰੀਕਾ ਦੇ ਖੇਤੀਬਾੜੀ ਵਿਭਾਗ (USDA) ਦੇ ਸਿਵਿਲ ਹੱਕਾਂ ਬਾਰੇ ਨੇਮ ਅਤੇ ਪਾੱਲਿਸੀਆਂ ਅਨੁਸਾਰ, USDA, ਇਸ ਦੀਆਂ ਏਜੰਸੀਆਂ, ਦਫ਼ਤਰ ਅਤੇ USDA ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਰਹੇ ਮੁਲਾਜ਼ਮਾਂ ਜਾਂ ਇਹਨਾਂ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਨੂੰ ਬੰਸ, ਰੰਗ, ਰਾਸ਼ਟਰੀ ਮੂਲ, ਧਰਮ, ਲਿੰਗ, ਲਿੰਗ-ਪਛਾਣ (ਇਸ ਵਿੱਚ ਲਿੰਗ ਪ੍ਰਗਟਾਵਾ ਸ਼ਾਮਿਲ ਹੁੰਦਾ ਹੈ), ਜਿਨਸੀ ਰੁਝਾਨ, ਅਸਮਰੱਥਾ (ਅਪੰਗਤਾ), ਉਮਰ, ਵਿਆਹੁਤਾ ਸਥਿਤੀ, ਪਰਿਵਾਰ/ਮਾਤਾ-ਪਿਤਾ ਸਬੰਧੀ ਸਥਿਤੀ, ਪਬਲਿਕ ਸਹਾਇਤਾ ਪ੍ਰੋਗਰਾਮ ਤੋਂ ਮਿਲਣ ਵਾਲ਼ੀ ਆਮਦਨ, ਸਿਆਸੀ ਮਾਣਤਾ ਜਾਂ ਸਿਵਿਲ ਹੱਕਾਂ ਸਬੰਧੀ ਸਰਗਰਮੀ ਤੋਂ ਪਹਿਲਾਂ ਬਦਲੇ ਦੀ ਕਾਰਵਾਈ ਜਾਂ ਜਵਾਬੀ-ਕਾਰਵਾਈ, USDA ਵਲੋਂ ਚਲਾਏ ਜਾਂਦੇ ਜਾਂ ਦਿੱਤੀਆਂ ਜਾਂਦੀਆਂ ਰਕਮਾਂ ਨਾਲ ਚੱਲਣ ਵਾਲੇ ਕਿਸੇ ਵੀ ਪ੍ਰੋਗਰਾਮ ਜਾਂ ਸਰਗਰਮੀ (ਸਾਰੇ ਅਧਾਰ ਸਾਰੇ ਪ੍ਰੋਗਰਾਮਾਂ 'ਤੇ ਲਾਗੂ ਨਹੀਂ ਹਨ) ਵਿੱਚ ਇਸਦੇ ਅਧਾਰ 'ਤੇ ਪੱਖਪਾਤ ਕਰਨ ਦੀ ਮਨਾਹੀ ਹੈ। ਪ੍ਰੋਗਰਾਮ ਜਾਂ ਘਟਨਾ ਨੂੰ ਵੇਖਦਿਆਂ ਹੱਲ (ਨਿਪਟਾਰੇ) ਅਤੇ ਸ਼ਿਕਾਇਤ ਦਾਇਰ ਕਰਨ ਦੀਆਂ ਅੰਤਮ-ਤਾਰੀਖ਼ਾਂ ਵੱਖ ਹੋ ਸਕਦੀਆਂ ਹਨ।

ਅਸਮਰੱਥ (ਅਪਾਹਜ) ਲੋਕਾਂ, ਜਿਹਨਾਂ ਨੂੰ ਪ੍ਰੋਗਰਾਮ ਦੀ ਜਾਣਕਾਰੀ ਲਈ ਸੰਚਾਰ (ਗੱਲਬਾਤ ਕਰਨ) ਦੇ ਬਦਲਵੇਂ ਸਾਧਨਾਂ (ਜਿਵੇਂ ਬ੍ਰੇਲ, ਵੱਡੇ ਅੱਖਰ, ਆੱਡੀਓਟੇਪ, ਅਮਰੀਕੀ ਸੰਕੇਤ ਭਾਸ਼ਾ ਆਦਿ) ਦੀ ਲੋੜ ਹੈ, ਨੂੰ ਜ਼ਿੰਮੇਵਾਰ ਏਜੰਸੀ (202) 720-2600 (ਵਾੱਇਸ ਅਤੇ TTY) 'ਤੇ USDA ਦੇ TARGET ਸੈਂਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ (800) 877-8339 'ਤੇ ਉਹ ਫ਼ੈਡਰਲ ਰਿਲੇ ਸਰਵਿਸ ਰਾਹੀਂ USDA ਨਾਲ ਸੰਪਰਕ ਕਰਨ। ਇਸਦੇ ਨਾਲ ਹੀ, ਅੰਗ੍ਰੇਜ਼ੀ ਤੋਂ ਛੁੱਟ ਹੋਰਨਾਂ ਭਾਸ਼ਾਵਾਂ ਵਿੱਚ ਪ੍ਰੋਗਰਾਮ ਸਬੰਧੀ ਜਾਣਕਾਰੀ ਮੁਹੱਈਆ ਕਰਾਈ ਜਾ ਸਕਦੀ ਹੈ।

ਪ੍ਰੋਗਰਾਮ ਵਿੱਚ ਹੁੰਦੇ ਪੱਖਪਾਤ ਦੀ ਸ਼ਿਕਾਇਤ ਦਾਇਰ ਕਰਨ ਲਈ 'ਤੇ USDA ਪ੍ਰੋਗਰਾਮ ਵਿੱਚ ਪੱਖਪਾਤ ਸਬੰਧੀ ਸ਼ਿਕਾਇਤੀ ਫ਼ਾਰਮ, AD-3027 ਲੱਭੋ ਅਤੇ ਭਰੋ ਪ੍ਰੋਗਰਾਮ ਵਿੱਚ ਪੱਖਪਾਤ ਦੀ ਸ਼ਿਕਾਇਤ ਕਿਵੇਂ ਦਾਇਰ ਕਰੋ ਅਤੇ USDA ਦੇ ਕਿਸੇ ਵੀ ਦਫ਼ਤਰ ਵਿੱਚ ਜਾਂ USDA ਦੇ ਪਤੇ 'ਤੇ ਇੱਕ ਚਿੱਠੀ ਲਿਖੋ ਅਤੇ ਫ਼ਾਰਮ ਵਿੱਚ ਮੰਗੀ ਗਈ ਸਾਰੀ ਜਾਣਕਾਰੀ ਚਿੱਠੀ ਵਿੱਚ ਮੁਹੱਈਆ ਕਰਾਓ। ਸ਼ਿਕਾਇਤੀ ਫ਼ਾਰਮ ਦੀ ਇੱਕ ਕਾੱਪੀ ਲਈ ਬੇਨਤੀ ਕਰਨ ਵਾਸਤੇ (866) 632-9992 'ਤੇ ਕਾੱਲ ਕਰੋ। ਆਪਣਾ ਭਰਿਆ ਹੋਇਆ ਫ਼ਾਰਮ ਜਾਂ ਚਿੱਠੀ ਇਸ ਸਾਧਨ ਰਾਹੀਂ USDA ਕੋਲ ਜਮ੍ਹਾ ਕਰੋ:

(1) ਡਾਕ: ਅਮਰੀਕਾ ਦਾ ਖੇਤੀਬਾੜੀ ਵਿਭਾਗ (U.S. Department of Agriculture)

Office of the Assistant Secretary for Civil Rights 1400 Independence
Avenue, SW
Washington, D.C. 20250-9410;

(2) ਫ਼ੈਕਸ: (202) 690-7442; ਜਾਂ

(3) ਈਮੇਲ: program.intake@usda.gov

USDA ਬਰਾਬਰੀ ਦੇ ਮੌਕੇ ਦੇਣ ਵਾਲ਼ਾ ਪ੍ਰੋਵਾਈਡਰ, ਨੌਕਰੀਦਾਤਾ ਅਤੇ ਰਿਣਦਾਤਾ ਹੈ।

ਸਿਤੰਬਰ 2022

USDA ਬਰਾਬਰੀ ਦੇ ਮੌਕੇ ਦੇਣ ਵਾਲ਼ਾ ਪ੍ਰੋਵਾਈਡਰ, ਨੌਕਰੀਦਾਤਾ ਅਤੇ ਰਿਣਦਾਤਾ ਹੈ।